1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 101
ਨੰਬਰ 9

੨ ਤੋਂ ੧੬ ਹਾੜ ੨੦੭੮ ਬਿ.
16 to 30 June 2021

# ਸਤਿਜੁਗ






– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

# ਸਤਿਜੁਗ

੨ ਤੋਂ ੧੬ ਹਾੜ ੨੦੭੮ ਬਿ.

16 ਤੋਂ 30 ਜੂਨ 2021 ਈ.

ਜਿਲਦ 101, ਨੰਬਰ 9

**ਸਤਿਜੁਗ**: ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98155-75099
98550-58178
***Email- Satjug@sribhainisahib.com***


# ਤਤਕਰਾ


* ਸੰਪਾਦਕੀ- ਮਹਾਂਮਾਰੀ 'ਤੇ ਸਰਕਾਰ ਦੀ ਭੂਮਿਕਾ
ਜਸਵੰਤ ਸਿੰਘ ਮਸਤ................................4

* ਗੁਰਬਾਣੀ ਵਿਆਖਿਆ......................................6

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ.......................8

* ਸਤਿਜੁਗ : ਇੱਕ ਸਦੀ ਦਾ ਗਵਾਹ
ਡਾ. ਸੁਖਦੇਵ ਸਿੰਘ ਸਿਰਸਾ..........................9

* ਭੱਟ ਵਹੀਆਂ ਵਿੱਚ ਬੰਦਾ ਸਿੰਘ ਬਹਾਦਰ
ਦਵਿੰਦਰ ਸਿੰਘ ਗਿੱਲ...............................13

* ਖਾਲਸੇ ਦੀ ਵਿਲੱਖਣ ਪਹਿਚਾਣ ਦਾ ਪ੍ਰਤੀਕ ਅਤੇ ਵਿਰਸੇ ਦਾ ਸੁਰੱਖਿਅਕ : ਖਾਲਸਾ ਕਾਲਜ, ਅੰਮ੍ਰਿਤਸਰ
ਹਰਪਾਲ ਸਿੰਘ ਸੇਵਕ...............................17

* ਮਹਾਂਮਾਰੀ ਕਾਰਨ ਅਭੈ ਸੰਧੂ ਦਾ ਬੇਵਕਤ ਅਸਹਿ ਵਿਛੋੜਾ
ਪ੍ਰੋ. ਚਮਨ ਲਾਲ....................................20

* **Relevance Of the Namdhari Movement in Modern Times**
**A.S.Panesar................................................22**

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ............................26

* **A Saga of Sri Satguru Jagjit Singh ji**
**Dr. Sharada Jayagovind .........................28**

* ਕਵਿਤਾ....................................................30

* ਸੁੱਚੇ ਮੋਤੀ..................................................31

* ਬੱਚਿਆਂ ਦਾ ਪੰਨਾ...........................................32

* ਖ਼ਬਰਨਾਮਾ................................................33


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੳ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਮਹਾਂਮਾਰੀ 'ਤੇ ਸਰਕਾਰ ਦੀ ਭੂਮਿਕਾ

ਜਿਸ ਇਲਾਕੇ ਵਿੱਚ ਗਰੀਬੀ, ਚੋਰੀ, ਡਾਕੇ, ਅਨਪੜ੍ਹਤਾ ਤੇ ਬਿਮਾਰੀਆਂ ਆਦਿ ਦਾ ਪਸਾਰਾ ਹੋਵੇ। ਉਸ ਇਲਾਕੇ ਲਈ ਸਰਕਾਰ ਦੀ ਜ਼ਰੂਰਤ ਹੁੰਦੀ ਹੈ। ਜਿਸ ਇਲਾਕੇ ਵਿਚ ਉਪਰੋਕਤ ਘਟਨਾਵਾਂ ਆਮ ਹੀ ਹੋਣ ਉਸ ਇਲਾਕੇ ਲਈ ਹਰ ਆਮ ਤੇ ਖ਼ਾਸ ਵਿਅਕਤੀ ਇਹ ਸ਼ਬਦ ਵਰਤਦਾ ਹੈ ਕਿ ਕੀ ਇੱਥੇ ਕੋਈ ਸਰਕਾਰ ਨਹੀਂ? ਇੱਥੋਂ ਦੀ ਸਰਕਾਰ ਕੀ ਕਰਦੀ ਹੈ? ਵਗੈਰਾ-ਵਗੈਰਾ। ਅਰਥਾਤ ਜਿਥੇ ਸਰਕਾਰ ਹੈ, ਉਥੇ ਇਹ ਅਰਾਜਕਤਾ ਵਾਲੇ ਕੰਮ ਨਹੀਂ ਹੋਣਗੇ, ਉੱਥੋਂ ਦੇ ਲੋਕ ਅਮਨ-ਅਮਾਨ ਤੇ ਸੁੱਖ-ਭਰਪੂਰ ਜ਼ਿੰਦਗੀ ਜੀਣਗੇ। ਜਿਸ ਖਿੱਤੇ ਵਿੱਚ ਸਰਕਾਰ ਹੋਣ ਦੇ ਬਾਵਜੂਦ ਅਰਾਜਕਤਾ ਹੋਵੇ, ਲੋਕ ਸੁੱਖ-ਸੁਵਿਧਾਵਾਂ ਤੋਂ ਹੀਣੇ ਹੋਣ, ਉਸ ਸਰਕਾਰ ਕੋਲ ਸਰਕਾਰੀ ਕਰਮਚਾਰੀ ਅਤੇ ਸਰਕਾਰੀ ਏਜੰਸੀਆਂ ਤਾਂ ਹੁੰਦੀਆਂ ਹਨ ਪਰ ਉਹ ਸਰਕਾਰ ਸੁਚੱਜਾ ਸ਼ਾਸਨ-ਪ੍ਰਬੰਧ ਚਲਾਉਣ ਵਿੱਚ ਅਸਫ਼ਲ ਸਿੱਧ ਹੁੰਦੀ ਹੈ। ਅਜਿਹੀ ਸਰਕਾਰ ਦੇ ਕਰਿੰਦੇ ਸੱਤਾ ਨੂੰ ਨਿੱਜੀ ਸੁੱਖ ਭੋਗਣ ਲਈ ਵਰਤਦੇ ਹਨ ਤੇ ਲੋਕਾਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਸਹੂਲਤਾਂ-ਸਿਹਤ ਸੁਵਿਧਾਵਾਂ, ਸਿੱਖਿਆ ਤੇ ਰੁਜ਼ਗਾਰ ਆਦਿ ਦੇਣ ਦੀ ਥਾਂ ਤੇ ਖੋਹਣ ਵੀ ਲੱਗ ਜਾਂਦੇ ਹਨ। ਖ਼ਾਸ ਕਰ ਜੇ ਮੈਂ ਆਪਣੇ ਦੇਸ਼ ਦੀ ਗੱਲ ਕਰਾਂ ਤਾਂ ਇੱਥੇ ਤਾਂ ਇਹੋ ਚੱਲ ਰਿਹਾ ਹੈ।

ਜਦੋਂ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਲਈ ਕੌਮੀ ਮੁਕਤੀ ਸੰਗਰਾਮ ਚੱਲ ਰਿਹਾ ਸੀ। ਹਰ ਵਿਚਾਰਧਾਰਾ ਜਾਂ ਸਿਆਸੀ ਪਾਰਟੀ ਨਾਲ ਸੰਬੰਧ ਰੱਖਣ ਵਾਲੇ ਲੀਡਰਾਂ ਨੇ ਦੇਸ਼ ਦੇ ਲੋਕਾਂ ਨਾਲ ਬੜੇ-ਬੜੇ ਵਾਅਦੇ ਕੀਤੇ ਤੇ ਕਿਹਾ- "ਦੇਸ਼ ਆਜ਼ਾਦ ਹੋਣ ਉਪਰੰਤ ਤੁਹਾਡਾ ਆਪਣਾ ਰਾਜ ਹੋਵੇਗਾ। ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਆਦਿ ਨੂੰ ਉਨ੍ਹਾਂ ਦੇ ਹੱਕ ਮਿਲਣਗੇ, ਕੋਈ ਵੀ ਮੁੱਢਲੇ ਅਧਿਕਾਰਾਂ ਤੋਂ ਵਾਂਝਾ ਨਹੀਂ ਹੋਵੇਗਾ। ਲੁੱਟਾਂ, ਖੋਹਾਂ, ਦੰਗੇ ਆਦਿ ਜ਼ੁਰਮ ਜੋ ਅੰਗਰੇਜ਼ੀ ਸਰਕਾਰ ਦੀ ਛਤਰ ਛਾਇਆ ਹੇਠ ਹੁੰਦਾ ਹੈ ਸਭ ਖ਼ਤਮ ਕਰ ਦਿੱਤਾ ਜਾਏਗਾ।"

ਲੋਕਾਂ ਨੂੰ ਲੋਕਰਾਜ ਦੇ ਸੁਪਨੇ ਦਿਖਾਏ ਗਏ। ਨਤੀਜੇ ਵਜੋਂ ਲੋਕਾਂ ਨੇ ਵਧ ਚੜ੍ਹ ਕੇ ਕੌਮੀ ਮੁਕਤੀ ਸੰਗਰਾਮ ਵਿੱਚ ਹਿੱਸਾ ਲਿਆ ਅਤੇ ਲੱਖਾਂ ਜਾਨਾਂ ਗੁਆਉਣ ਉਪਰੰਤ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ। ਦੇਸ਼ ਆਜ਼ਾਦ ਹੋਏ ਨੂੰ ਅੱਜ ਸੱਤ ਦਹਾਕੇ ਹੋ ਚੁੱਕੇ ਹਨ ਪਰ ਭਾਰਤ 'ਚ ਲੋਕਤੰਤਰੀ ਸਰਕਾਰ ਹੋਣ ਦੇ ਬਾਵਜੂਦ ਲੋਕ ਅਜੇ ਤੱਕ ਮੁੱਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹਨ। ਸਰਕਾਰ ਜਿਹੜੀ ਮਰਜੀ ਪਾਰਟੀ ਦੀ ਹੋਵੇ ਉਹ ਇਲੈਕਸ਼ਨ ਤੋਂ ਪਹਿਲਾਂ ਵੀ ਤੇ ਬਾਅਦ ਵਿੱਚ ਵੀ ਸਿਰਫ਼ ਵਾਅਦੇ ਹੀ ਕਰਦੀ ਹੈ। ਦੇਸ਼ ਵਾਸੀ ਕਿਸੇ ਭਿਅੰਕਰ ਮੁਸੀਬਤ ਵਿੱਚ ਫਸੇ ਹੋਣ ਤੇ ਜਿੰਨੇ ਮਰਜੀ ਕੁਰਲਾਹਟ ਕਰ ਰਹੇ ਹੋਣ ਪਰ ਸਾਡੇ ਦੇਸ਼ ਦੇ ਪ੍ਰਸ਼ਾਸਨ ਦੇ ਕੰਨੀਂ ਕੋਈ ਜੂੰ ਨਹੀਂ ਸਰਕਦੀ, ਜਿਸ ਤਰ੍ਹਾਂ ਰੋਮ ਦੇ ਬਾਦਸ਼ਾਹ ਨੀਰੋ ਬਾਰੇ ਮਸ਼ਹੂਰ ਹੈ-

"ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ।"

ਉਸੇ ਤਰ੍ਹਾਂ ਦੇ ਨਾਲ ਭਾਰਤ ਦੇ ਬਹੁਗਿਣਤੀ ਲੀਡਰਾਂ ਬਾਰੇ ਕਿਹਾ ਜਾ ਸਕਦਾ ਹੈ-

"ਲੋਕ ਮਰਦੇ ਰਹੇ ਤੇ ਨੇਤਾ ਜੀ ਵਾਅਦੇ ਕਰਦੇ ਰਹੇ।"

ਦੇਸ਼ ਆਜ਼ਾਦ ਹੋਣ ਤੋਂ ਬਾਅਦ ਕੁਝ ਕੁ ਸਰਕਾਰਾਂ ਨੂੰ ਛੱਡ ਕੇ ਇੱਥੋਂ ਦੇ ਸ਼ਾਸਕਾਂ ਵੱਲੋਂ ਲਗਾਤਾਰ ਅਜਿਹੇ ਫ਼ੈਸਲੇ ਲਏ ਜਾ ਰਹੇ ਹਨ, ਜਿਸ ਨਾਲ ਇੱਥੋਂ ਦੇ ਲੋਕਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਪਰ ਉਨ੍ਹਾਂ ਦੀ ਸੁਣਦਾ ਕੋਈ ਵੀ ਨਹੀਂ। ਦੇਸ਼ ਦੇ ਵਿੱਚ ਜਦੋਂ ਵੀ ਕਿਸੇ ਤਰ੍ਹਾਂ ਦੀ ਕੋਈ ਮਹਾਂਮਾਰੀ ਜਾਂ ਕੋਈ ਭਿਆਨਕ ਬਿਮਾਰੀ ਫੈਲਦੀ ਹੈ ਤਾਂ ਲੱਖਾਂ ਦੇਸ਼ ਵਾਸੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਅਜਿਹੇ ਹਾਲਾਤ ਵਿੱਚ ਸਰਕਾਰਾਂ ਵੱਲੋਂ ਹਜ਼ਾਰਾਂ ਕਰੋੜਾਂ ਦੇ ਸਿਹਤ ਪੈਕੇਜਾਂ ਦਾ ਐਲਾਨ ਹੁੰਦਾ ਹੈ ਪਰ ਕੰਮ ਕੁਝ ਵੀ ਨਹੀਂ ਹੁੰਦਾ। ਫੇਰ ਪਤਾ ਲੱਗਦਾ ਹੈ ਕਿ ਉਹਨਾਂ ਪੈਕੇਜਾਂ ਦੀ ਵਰਤੋਂ ਸਿਹਤ ਖੇਤਰ ਵਿੱਚ ਕਰਨ ਦੀ ਬਜਾਏ ਨੇਤਾਵਾਂ ਦੇ ਘਰਭਰਨ ਲਈ ਕੀਤੀ ਗਈ ਹੈ। ਇਨ੍ਹਾਂ ਘੋਟਾਲਿਆਂ ਵਿੱਚ ਸਿਰਫ਼ ਨੇਤਾ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਕਈ ਵੱਡੇ-ਵੱਡੇ ਅਫ਼ਸਰ ਵੀ ਨਾਲ ਰਲੇ ਹੁੰਦੇ ਹਨ।

ਸਾਰੀ ਦੁਨੀਆਂ ਦੇ ਨਾਲ ਭਾਰਤ ਵਿੱਚ ਵੀ ਪਿਛਲੇ ਸਾਲ ਕੋਰੋਨਾ ਮਹਾਂਮਾਰੀ ਨੇ ਦਸਤਕ ਦਿੱਤੀ ਪਰ ਸਾਡੇ ਦੇਸ਼ ਦੀਆਂ ਇੱਕਾ-ਦੁੱਕਾ ਰਾਜ ਸਰਕਾਰਾਂ ਨੂੰ ਛੱਡ ਕੇ ਬਾਕੀ ਕਿਸੇ ਨੇ ਵੀ ਇਸ ਨੂੰ ਅਜੇ ਤੱਕ ਗੰਭੀਰ ਰੂਪ ਵਿੱਚ ਨਹੀਂ ਲਿਆ। ਪਿਛਲੇ ਸਾਲ ਤੋਂ ਲੈਕੇ ਅੱਜ-ਤੱਕ

ਇਸ ਬਿਮਾਰੀ ਨਾਲ ਲੜਨ ਦੇ ਲਈ ਕੋਈ ਠੋਸ ਯੋਜਨਾਵਾਂ ਤਿਆਰ ਨਹੀਂ ਕੀਤੀਆਂ ਗਈਆਂ। ਹਜ਼ਾਰਾਂ-ਕਰੋੜਾਂ ਦੇ ਪੈਕੇਜਾਂ ਦਾ ਐਲਾਨ ਜ਼ਰੂਰ ਕੀਤਾ ਗਿਆ ਪਰ ਉਸ ਪੈਸੇ ਨਾਲ ਕੋਈ ਖ਼ਾਸ ਸਾਰਥਕ ਕੰਮ ਨਹੀਂ ਕੀਤਾ ਗਿਆ। ਜਿੱਥੇ ਲੋਕ ਸਿਹਤ ਸਹੂਲਤਾਂ ਲਈ ਰੋ ਰਹੇ ਹਨ ਉੱਥੇ ਸਿਹਤ ਕਰਮਚਾਰੀ ਲੋੜੀਂਦੇ ਸਾਮਾਨ ਲਈ। ਇਸ ਸਮੇਂ ਦੇ ਵਿੱਚ ਬਾਕੀ ਨਦੀਆਂ, ਨਹਿਰਾਂ ਦੇ ਨਾਲ-ਨਾਲ ਗੰਗਾ ਵਰਗੀ ਪਵਿੱਤਰ ਨਦੀ ਵਿੱਚ ਵੀ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਲੋਕ ਹਸਪਤਾਲਾਂ ਤੇ ਐਂਬੂਲੈਂਸਾਂ ਵਿਚ ਆਕਸੀਜਨ ਤੇ ਹੋਰ ਲੋੜੀਂਦੀਆਂ ਵਸਤਾਂ ਦੀ ਘਾਟ ਕਾਰਨ ਮੌਤ ਦੇ ਘਾਟ ਉਤਰ ਰਹੇ ਹਨ। ਏਸੇ ਮਹਾਂਮਾਰੀ ਦੌਰਾਨ ਲੌਕਡਾਊਨ ਕਾਰਨ ਕਰੋੜਾਂ ਦੀ ਗਿਣਤੀ ਵਿੱਚ ਲੋਕ ਬੇਰੁਜ਼ਗਾਰ ਹੋਏ ਹਨ। ਬੇਗਿਣਤ ਲੋਕਾਂ ਦਾ ਵਪਾਰ ਠੱਪ ਹੋਇਆ ਹੈ। ਇਸ ਸਮੇਂ ਵਿੱਚ ਦੇਸ਼ ਦੇ ਵੱਡੇ ਉਦਯੋਗਪਤੀਆਂ ਦੀ ਆਮਦਨ ਵਿੱਚ ਤਾਂ ਪਹਿਲਾਂ ਨਾਲੋਂ ਕਈ ਗੁਣਾਂ ਵਾਧਾ ਹੋਇਆ ਪਰ ਆਮ ਲੋਕ ਰੋਟੀ ਤੋਂ ਵੀ ਮੁਥਾਜ ਹੋ ਗਏ ਹਨ। ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਵੀ ਤਰਸਦੇ ਫਿਰਦੇ ਹਨ। ਸਰਕਾਰ ਹਰ ਦੁਕਾਨਦਾਰ ਜਾਂ ਹੋਰ ਕੰਮਾਂ ਵਾਲਿਆਂ ਤੋਂ ਚੜ੍ਹੇ ਮਹੀਨੇ ਜਾਂ ਚੜ੍ਹੇ ਸਾਲ ਟੈਕਸ ਲੈਣ ਲਈ ਤਾਂ ਆ ਜਾਂਦੀ ਹੈ ਪਰ ਉਸ ਨੇ ਅਜਿਹੇ ਸਮੇਂ ਵਿੱਚ ਲੋਕਾਂ ਦੀ ਬਿਲਕੁਲ ਵੀ ਬਾਂਹ ਨਹੀਂ ਫੜ੍ਹੀ। ਇਸ ਮਹਾਂਮਾਰੀ ਨੂੰ ਸਰਕਾਰ ਨੇ ਏਨਾ ਅਣਗੌਲਿਆਂ ਕੀਤਾ ਕਿ ਜਦੋਂ ਲੋਕ ਇਸ ਕੋਰੋਨਾ ਮਹਾਂਮਾਰੀ ਦੇ ਪ੍ਰਕੋਪ ਤੇ ਸਰਕਾਰ ਦੀਆਂ ਨੀਤੀਆਂ ਕਾਰਨ ਮੌਤ ਦੇ ਗਲ ਲੱਗ ਰਹੇ ਸਨ ਅਤੇ ਭੁੱਖੇ ਮਰਦੇ ਪਏ ਸੀ ਤਾਂ ਸਰਕਾਰ ਨੇ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦਿਆ ਤੇ ਇਹ ਇਜਲਾਸ ਇਸ ਮਹਾਂਮਾਰੀ ਦੇ ਵਿਰੁੱਧ ਲੜਨ ਦੇ ਲਈ ਕੋਈ ਠੋਸ ਯੋਜਨਾ ਬਣਾਉਣ ਲਈ ਨਹੀਂ ਬਲਕਿ ਪਹਿਲਾਂ ਤੋਂ ਹੀ ਮੁਸੀਬਤ ਝੱਲ ਰਹੇ ਲੋਕਾਂ ’ਤੇ ਹੋਰ ਮੁਸੀਬਤ ਪਾਉਣ ਲਈ ਕਿਸਾਨ ਮਜ਼ਦੂਰ ਤੇ ਵਪਾਰੀਆਂ ਦੀ ਰੋਜ਼ੀ-ਰੋਟੀ ਮਾਰਨ ਵਾਲੇ ਕਿਸਾਨੀ ਵਿਰੋਧੀ ਤਿੰਨ ਕਾਲੇ ਕਾਨੂੰਨ ਲਿਆਂਦੇ। ਆਮ ਲੋਕ ਪਿਛਲੇ ਸਾਲ ਤੋਂ ਜਿੱਥੇ ਮਹਾਂਮਾਰੀ ਨਾਲ ਲੜ ਰਹੇ ਹਨ, ਉੱਥੇ ਸਰਕਾਰ ਨਾਲ ਵੀ ਤਿੰਨੋਂ ਕਾਲੇ ਕਾਨੂੰਨ ਰੱਦ ਕਰਾਉਣ ਲਈ ਉਨ੍ਹਾਂ ਦਾ ਸੰਘਰਸ਼ ਚੱਲ ਰਿਹਾ ਹੈ। 26 ਨਵੰਬਰ 2020 ਤੋਂ ਕਿਸਾਨ ਮਜ਼ਦੂਰ ਦਿੱਲੀ ਦੇ ਬਾਰਡਰਾਂ ਤੇ ਬੈਠੇ ਹਨ ਤੇ 26 ਮਈ 2021 ਨੂੰ ਉਨ੍ਹਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਅਰਥਾਤ ਸਰਕਾਰ ਦੇ ਬੂਹੇ ਅੱਗੇ ਧਰਨੇ ਪ੍ਰਦਰਸ਼ਨ ਦੇ 6 ਮਹੀਨੇ ਪੂਰੇ ਹੋਣ ਤੇ 'ਕਾਲਾ ਦਿਵਸ' ਮਨਾਇਆ। ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਇਹ ਉਹੀ ਲੋਕਤੰਤਰ ਹੈ ਜਿਸ ਦੇ ਸੁਪਨੇ 1947 ਤੋਂ ਪਹਿਲਾਂ ਲੋਕਾਂ ਨੂੰ ਦਿਖਾਏ ਗਏ ਤੇ ਲੱਖਾਂ ਲੋਕਾਂ ਨੇ ਸ਼ਹੀਦੀਆਂ ਦੇ ਕੇ ਲੋਕਤੰਤਰ ਲਈ ਆਜ਼ਾਦੀ ਲਈ।

ਅਜਿਹੇ ਰਾਜ ਨਾਲੋਂ ਤਾਂ ਭਾਰਤੀ ਇਤਿਹਾਸ ਦੇ ਬਹੁਤ ਸਾਰੇ ਰਾਜੇ ਹੀ ਚੰਗੇ ਸਨ ਮੈਂ ਜਿਆਦਾ ਦੂਰ ਨਾ ਜਾਂਦਾ ਹੋਇਆ, ਅੰਗਰੇਜ਼ਾਂ ਦੁਆਰਾ ਪੰਜਾਬ 'ਤੇ ਕਬਜ਼ਾ ਕਰਨ ਤੋਂ ਪਹਿਲਾਂ 18 ਵੀਂ ਅਤੇ 19 ਵੀਂ ਸਦੀ ਦੌਰਾਨ ਹੋ ਚੁੱਕੇ ਪੰਜਾਬ ਦੇ ਦੋ ਰਾਜਿਆਂ ਬਾਬਾ ਬੰਦਾ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਜ਼ਿਕਰ ਕਰਾਂਗਾ।

ਬਾਬਾ ਬੰਦਾ ਬਹਾਦਰ ਦਾ ਰਾਜ ਬੇਸ਼ੱਕ ਥੋੜ੍ਹਾ ਸਮਾਂ ਹੀ ਰਿਹਾ ਪਰ ਉਸ ਨੇ ਜੋ ਕੰਮ ਕੀਤੇ ਉਹ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹਨ ਸਭ ਤੋਂ ਵੱਡਾ ਤੇ ਮਹਾਨ ਕੰਮ ਉਸਦਾ ਇਹ ਸੀ ਕਿ ਉਸ ਨੇ ਹਿੰਦੋਸਤਾਨ ਵਿਚ ਸਦੀਆਂ ਤੋਂ ਚੱਲੇ ਆ ਰਹੇ ਜ਼ਿਮੀਂਦਾਰੀ ਪ੍ਰਬੰਧ ਦੇ ਔਗੁਣਾਂ ਨੂੰ ਪਛਾਣਿਆ। 12 ਮਈ 1710 ਨੂੰ ਸਰਹਿੰਦ ਵਿਖੇ ਸਿੱਖ ਰਾਜ ਸਥਾਪਿਤ ਕਰਕੇ ਸਤੰਬਰ 1710 ਦੌਰਾਨ ਉਸ ਨੇ ਇੱਕੋ ਹੁਕਮ ਨਾਲ ਜ਼ਿਮੀਂਦਾਰੀ ਪ੍ਰਬੰਧ ਨੂੰ ਖ਼ਤਮ ਕਰ ਕੇ ਜ਼ਮੀਨ ਕਾਸ਼ਤਕਾਰਾਂ (ਕਿਸਾਨਾਂ) ਦੇ ਹਵਾਲੇ ਕਰ ਦਿੱਤੀ। ਪਰ ਅੱਜ ਦੀ ਸਰਕਾਰ ਕਾਰਪੋਰੇਟਾਂ ਨੂੰ ਜ਼ਮੀਨ ਦੇ ਕੇ ਦੁਬਾਰਾ ਤੋਂ ਜਿਮੀਂਦਾਰੀ ਪ੍ਰਬੰਧ ਖੜਾ ਕਰਕੇ ਕਿਸਾਨਾਂ ਦੀ ਜਿੰਦਗੀ ਬਦ ਤੋਂ ਬਦਤਰ ਕਰਨੀ ਚਾਹੁੰਦੀ ਹੈ। ਦੂਸਰਾ ਵੱਡਾ ਕੰਮ ਉਸ ਨੇ ਚੋਰੀ-ਡਾਕੇ ਆਦਿ ਖ਼ਤਮ ਕਰਕੇ ਕੀਤਾ।

ਮਹਾਰਾਜਾ ਰਣਜੀਤ ਸਿੰਘ ਆਪਣੀ ਜਨਤਾ ਵਿੱਚ ਬਹੁਤ ਹਰਮਨ ਪਿਆਰਾ ਸੀ। ਕਿਉਂਕਿ ਉਸ ਨੇ ਲੋਕ ਭਲਾਈ ਦੇ ਕੰਮ ਬਹੁਤ ਕੀਤੇ। ਜਿਸ ਤਰ੍ਹਾਂ ਪਿਛਲੇ ਸਾਲ ਮਹਾਂਮਾਰੀ ਆਉਣ ਤੋਂ ਬਾਅਦ ਲੌਕ ਡਾਊਨ ਦੇ ਨਤੀਜੇ ਵਜੋਂ ਲੋਕਾਂ ਦੇ ਕਾਰੋਬਾਰ ਬੰਦ ਹੋ ਗਏ। ਉਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਕਈ ਵਾਰ ਕਾਲ ਪੈਣ ਕਾਰਨ ਲੋਕਾਂ ਦਾ ਰੁਜ਼ਗਾਰ ਠੱਪ ਹੋਇਆ। ਅਜਿਹੇ ਸਮੇਂ ਵਿਚ ਮਹਾਰਾਜਾ ਬਦਨੀਤ ਸਰਕਾਰਾਂ ਵਾਂਗ ਹੱਥ ਨਹੀਂ ਖੜ੍ਹੇ ਕਰਦਾ ਸੀ ਸਗੋਂ ਆਮ ਜਨਤਾ ਲਈ ਅਨਾਜ ਦੇ ਭੰਡਾਰ ਖੋਲ੍ਹ ਦਿੰਦਾ। ਵਪਾਰੀਆਂ, ਕਾਰਖਾਨੇਦਾਰਾਂ ਸਭ ਦੇ ਘਾਟੇ ਨੂੰ ਵੇਖਦੇ ਹੋਏ ਉਨ੍ਹਾਂ ਦੀ ਮਦਦ ਕੀਤੀ ਜਾਂਦੀ। ਕਿਸਾਨਾਂ ਨੂੰ ਫਸਲ ਬੀਜਣ ਲਈ ਬੀਜ ਤੇ ਕਰਜ਼ਾ ਦਿੱਤਾ ਜਾਂਦਾ। 1933 ਦੌਰਾਨ ਜਮਾਂਦਾਰ ਖ਼ੁਸ਼ਹਾਲ ਸਿੰਘ ਕਸ਼ਮੀਰ ਵਿੱਚ ਕਾਲ ਪਿਆ ਹੋਣ ਦੇ ਬਾਵਜੂਦ ਕਰ (ਟੈਕਸ) ਉਗਰਾਹ ਕੇ ਲੈ ਆਇਆ, ਜਦੋਂ ਮਹਾਰਾਜੇ ਨੂੰ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ ਹੋਇਆ ਤੇ ਉਸ ਨੇ ਕਿਹਾ ਕਾਲ ਪਿਆ ਹੋਣ 'ਤੇ ਵੀ ਤੁਸੀਂ ਕਰ ਉਗਰਾਹ ਕੇ ਲੈ ਆਏ। ਲੋਕ ਰੋਟੀ ਕਿੱਥੋਂ ਖਾਣਗੇ? ਫਿਰ ਮਹਾਰਾਜੇ ਨੇ ਹਜ਼ਾਰਾਂ ਖੱਚਰਾਂ 'ਤੇ ਬੇਸ਼ੁਮਾਰ ਕਣਕ ਲੱਦ ਕੇ ਕਸ਼ਮੀਰ ਭੇਜੀ ਤੇ ਉਥੇ ਅਨਾਜ ਦੇ ਭੰਡਾਰੇ ਖੋਲ੍ਹ ਦਿੱਤੇ ਗਏ। ਮਹਾਰਾਜੇ ਨੇ ਯੂਨਾਨੀ ਹਿਕਮਤ ਅਤੇ ਆਯੁਰਵੇਦ ਦੇ ਵਧੀਆ ਦਵਾਖਾਨੇ ਖੁਲ੍ਹਵਾਏ ਹੋਏ ਸਨ, ਨਤੀਜੇ ਵਜੋਂ ਮਹਾਰਾਜੇ ਦੇ ਚਾਲੀ ਸਾਲ ਦੇ ਰਾਜ ਦੌਰਾਨ ਨਾ ਤਾਂ ਪਲੇਗ ਵਰਗੀ ਕੋਈ ਭਿਆਨਕ ਮਹਾਂਮਾਰੀ ਫੈਲੀ ਤੇ ਨਾ ਹੀ ਕੋਈ ਹੋਰ ਬਿਮਾਰੀ ਨੇ ਭਾਰੀ ਨੁਕਸਾਨ ਕੀਤਾ।

ਸਾਡੀਆਂ ਸਰਕਾਰਾਂ ਸੱਚਮੁੱਚ ਹੀ ਜੇ ਸਰਕਾਰਾਂ ਵਾਲੇ ਫਰਜ਼ ਅਦਾ ਕਰਨਾ ਚਾਹੁੰਦੀਆਂ ਹੋਣ ਤਾਂ ਕਿਸਾਨਾਂ ਦੇ ਮਸਲੇ ਨੂੰ ਹੱਲ ਕਰਨ ਲਈ ਬੰਦੇ ਬਹਾਦਰ ਤੋਂ ਸੇਧ ਲੈ ਸਕਦੀਆਂ ਹਨ ਤੇ ਜੇ ਕੋਰੋਨਾ ਮਹਾਂਮਾਰੀ ਦੀ ਮੁਸੀਬਤ ਨਾਲ ਨਜਿੱਠਣਾ ਚਾਹੁਣ ਤਾਂ ਮਹਾਰਾਜਾ ਰਣਜੀਤ ਸਿੰਘ ਤੋਂ ਸਿੱਖ ਸਕਦੀਆਂ ਹਨ।

**ਜਸਵੰਤ ਸਿੰਘ ਮਸਤ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਮੰਨੈ ਮਾਰਗਿ ਠਾਕ ਨ ਪਾਇ ॥**
ਪ੍ਰਭੂ ਦੇ ਨਾਮ ਨੂੰ ਮੰਨਣ ਵਾਲੇ ਨੂੰ ਰਸਤੇ ਵਿੱਚ ਵਿਕਾਰਾਂ ਦੀ ਰੁਕਾਵਟ ਨਹੀਂ ਆਉਂਦੀ।
**ਮੰਨੈ ਪਤਿ ਸਿਉ ਪਰਗਟੁ ਜਾਇ ॥**
ਮੰਨਣ ਵਾਲਾ ਸੰਸਾਰ 'ਤੇ ਸ਼ੋਭਾ ਖੱਟ ਕੇ ਇੱਜ਼ਤ ਨਾਲ ਜਾਂਦਾ ਹੈ।
**ਮੰਨੈ ਮਗੁ ਨ ਚਲੈ ਪੰਥੁ ॥**
ਮੰਨਣ ਵਾਲਾ ਸੰਸਾਰਿਕ ਕਰਮਕਾਂਡੀ ਰਸਤੇ 'ਤੇ ਨਹੀਂ ਚਲਦਾ।
**ਮੰਨੈ ਧਰਮ ਸੇਤੀ ਸਨਬੰਧੁ ॥**
ਮੰਨਣ ਵਾਲੇ ਦਾ ਧਰਮ ਨਾਲ ਸਿੱਧਾ ਸੰਬੰਧ ਬਣ ਜਾਂਦਾ ਹੈ।
**ਐਸਾ ਨਾਮੁ ਨਿਰੰਜਨੁ ਹੋਇ ॥**
ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ
**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥**
ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਮੰਨੈ ਪਾਵਹਿ ਮੋਖੁ ਦੁਆਰੁ ॥**
ਹਰੀ ਦੇ ਨਾਮ ਨੂੰ ਮੰਨਣ ਵਾਲਾ ਮੁਕਤੀ ਦੇ ਦਰਵਾਜੇ 'ਤੇ ਪਹੁੰਚ ਜਾਂਦਾ ਹੈ।
**ਮੰਨੈ ਪਰਵਾਰੈ ਸਾਧਾਰੁ ॥**
ਮੰਨਣ ਵਾਲਾ ਆਪਣੇ ਪਰਿਵਾਰ ਨੂੰ ਵੀ ਪ੍ਰਭੂ ਦਾ ਆਸਰਾ ਦ੍ਰਿੜ੍ਹ ਕਰਵਾਉਂਦਾ ਹੈ।
**ਮੰਨੈ ਤਰੈ ਤਾਰੇ ਗੁਰੁ ਸਿਖ ॥**
ਮੰਨਣ ਵਾਲਾ ਆਪ ਤਰਦਾ ਹੈ ਅਤੇ ਗੁਰੂ ਦੇ ਸਿੱਖਾਂ ਨੂੰ ਤਾਰਦਾ ਹੈ।
**ਮੰਨੈ ਨਾਨਕ ਭਵਹਿ ਨ ਭਿਖ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੰਨਣ ਵਾਲਾ ਮੰਗਦਾ ਨਹੀਂ ਫਿਰਦਾ।
**ਐਸਾ ਨਾਮੁ ਨਿਰੰਜਨੁ ਹੋਇ ॥**
ਪ੍ਰਭੂ ਦਾ ਨਾਮ ਐਸਾ ਮਾਇਆ ਤੋਂ ਨਿਰਲੇਪ ਹੈ ਕਿ
**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**
ਜੇ ਕੋਈ ਇਸ ਨੂੰ ਮੰਨ ਲਏ ਤਾਂ ਹੀ ਉਹ ਇਸ ਨੂੰ ਜਾਣ ਸਕਦਾ ਹੈ।

**ਪੰਚ ਪਰਵਾਣ ਪੰਚ ਪਰਧਾਨੁ ॥**
ਜਿਹਨਾਂ ਦੀ ਸੁਰਤ ਨਾਮ ਵਿੱਚ ਜੁੜੀ ਰਹਿੰਦੀ ਹੈ ਉਹ ਮਨੁੱਖ ਜਗ ਵਿੱਚ ਪਰਵਾਨ ਤੇ ਪਰਧਾਨ ਹਨ।
**ਪੰਚੇ ਪਾਵਹਿ ਦਰਗਹਿ ਮਾਨੁ ॥**
ਅਕਾਲ ਪੁਰਖ ਦੀ ਦਰਗਾਹ ਵਿੱਚ ਐਸੇ ਪੁਰਖ ਆਦਰ ਪਾਉਂਦੇ ਹਨ।
**ਪੰਚੇ ਸੋਹਹਿ ਦਰਿ ਰਾਜਾਨੁ ॥**
ਰਾਜ ਦਰਬਾਰਾਂ ਵਿਚ ਵੀ ਉਹ ਸੋਭਾ ਪਾਉਂਦੇ ਹਨ।
**ਪੰਚਾ ਕਾ ਗੁਰੁ ਏਕੁ ਧਿਆਨੁ ॥**
ਇਨ੍ਹਾਂ ਪ੍ਰਵਾਨਿਤ ਜਨਾਂ ਦੀ ਸੁਰਤੀ ਸਿਰਫ਼ ਇੱਕ ਗੁਰੂ ਵਿੱਚ ਹੁੰਦੀ ਹੈ।
**ਜੇ ਕੋ ਕਹੈ ਕਰੈ ਵੀਚਾਰੁ ॥**
ਜੇ ਕੋਈ ਕਹੇ ਕਿ ਮੈਂ ਕਰਤੇ ਦੀ ਵੀਚਾਰ ਕਰਾਂਗਾ।
**ਕਰਤੇ ਕੈ ਕਰਣੈ ਨਾਹੀ ਸੁਮਾਰੁ ॥**

ਪਰ ਕਰਤੇ ਦੇ ਕੰਮਾਂ ਨੂੰ ਨਹੀਂ ਗਿਣਿਆ ਜਾ ਸਕਦਾ, ਉਸ ਦੀ ਲੀਲਾ ਬੇਅੰਤ ਹੈ।

**ਧੌਲੁ ਧਰਮੁ ਦਇਆ ਕਾ ਪੂਤੁ ॥**

ਧਰਤੀ ਹੇਠਲਾ ਜੋ ਬਲਦ ਹੈ, ਉਹ ਧਰਮ ਹੈ ਅਤੇ ਦਇਆ ਉਸ ਦਾ ਪੁੱਤਰ ਹੈ।

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

ਉਸ ਪ੍ਰਮੇਸ਼ਰ ਨੇ ਸੰਤੋਖ ਨਾਲ ਧਰਤੀ 'ਤੇ ਸਭ ਕੁਝ ਸੂਤ ਕਰਕੇ ਰੱਖਿਆ ਹੋਇਆ ਹੈ।

**ਜੇ ਕੋ ਬੁਝੈ ਹੋਵੈ ਸਚਿਆਰੁ ॥**

ਜੇ ਕੋਈ ਇਸ ਭੇਦ ਨੂੰ ਜਾਣ ਲਵੇ ਤਾਂ ਉਹ ਸੱਚਾ ਇਨਸਾਨ ਬਣ ਜਾਂਦਾ ਹੈ।

**ਧਵਲੈ ਉਪਰਿ ਕੇਤਾ ਭਾਰੁ ॥**

ਬਲਦ ਉੱਤੇ ਕਿੰਨਾ ਕੁ ਭਾਰ ਹੈ?

**ਧਰਤੀ ਹੋਰੁ ਪਰੈ ਹੋਰੁ ਹੋਰੁ ॥**

ਕਿਉਂਕਿ ਧਰਤੀ ਤੋਂ ਪਰ੍ਹੇ ਹੋਰ ਕਈ ਧਰਤੀਆਂ ਹਨ।

**ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥**

ਉਸ ਭਾਰ ਥੱਲੇ ਕਿਹੜਾ ਜ਼ੋਰ ਦਿੱਤਾ ਗਿਆ ਹੈ?(ਪੁਰਾਤਨ ਮਿੱਥ ਅਨੁਸਾਰ ਜੇ ਧਰਤੀ ਬਲਦ ਦੇ ਸਿੰਗਾਂ 'ਤੇ ਖੜੀ ਏ ਤਾਂ ਬਲਦ ਕਿਸ 'ਤੇ ਖੜਾ ਹੈ?)

**ਜੀਅ ਜਾਤਿ ਰੰਗਾ ਕੇ ਨਾਵ ॥**

ਸੰਸਾਰ ਵਿੱਚ ਕਈ ਜਾਤੀਆਂ, ਰੰਗਾਂ ਅਤੇ ਨਾਵਾਂ ਦੇ ਜੀਵ ਹਨ।

**ਸਭਨਾ ਲਿਖਿਆ ਵੁੜੀ ਕਲਾਮ ॥**

ਇਨ੍ਹਾਂ ਸਭਨਾਂ ਨੂੰ ਇੱਕ ਸਦਾ ਚੱਲ ਰਹੀ ਕਲਮ ਨੇ ਹੀ ਲਿਖਿਆ ਹੈ ਭਾਵ ਇਨ੍ਹਾਂ ਦਾ ਲੇਖਾ ਕਰਤਾ ਆਪ ਹੀ ਜਾਣਦਾ ਹੈ।

**ਏਹੁ ਲੇਖਾ ਲਿਖਿ ਜਾਣੈ ਕੋਇ ॥**

ਹੋਰ ਕੌਣ ਇਹ ਲੇਖਾ ਲਿਖਣਾ ਜਾਣਦਾ ਹੈ?

**ਲੇਖਾ ਲਿਖਿਆ ਕੇਤਾ ਹੋਇ ॥**

ਜੇ ਉਸ ਪ੍ਰਭੂ ਦਾ ਲੇਖਾ ਲਿਖਿਆ ਵੀ ਜਾਵੇ ਤਾਂ ਕਿੰਨਾ ਕੁ ਹੋ ਜਾਏਗਾ? ਭਾਵ ਅਧੂਰਾ ਹੀ ਰਹੇਗਾ।

**ਕੇਤਾ ਤਾਣੁ ਸੁਆਲਿਹੁ ਰੂਪੁ ॥**

ਉਸ ਵਿੱਚ ਬਲ ਕਿੰਨਾ ਹੈ ਅਤੇ ਸਰੂਪ ਕਿੰਨਾ ਸੁੰਦਰ ਹੈ?

**ਕੇਤੀ ਦਾਤਿ ਜਾਣੈ ਕੌਣੁ ਕੂਤੁ ॥**

ਉਸਦੀ ਦਾਤ ਕਿੰਨੀ ਵੱਡੀ ਹੈ, ਕੌਣ ਇਸ ਦੀ ਗਿਣਤੀ-ਮਿਣਤੀ ਕਰ ਸਕਦਾ ਹੈ?

**ਕੀਤਾ ਪਸਾਉ ਏਕੋ ਕਵਾਉ ॥**

ਇੱਕ ਬਚਨ ਨਾਲ ਹੀ ਉਸਨੇ ਸਾਰਾ ਪਸਾਰਾ ਪਸਾਰਿਆ ਹੋਇਆ ਹੈ।

**ਤਿਸ ਤੇ ਹੋਏ ਲਖ ਦਰੀਆਉ ॥**

ਉਸ ਤੋਂ ਹੀ ਲੱਖਾਂ ਦਰਿਆ ਵਹਿਣੇ ਸ਼ੁਰੂ ਹੋਏ।

**ਕੁਦਰਤਿ ਕਵਣ ਕਹਾ ਵੀਚਾਰੁ ॥**

ਤੇਰੀ ਕੁਦਰਤ ਨੂੰ ਵਿਚਾਰਨ ਦੀ ਮੇਰੇ ਵਿੱਚ ਕੀ ਤਾਕਤ ਹੈ?

**ਵਾਰਿਆ ਨ ਜਾਵਾ ਏਕ ਵਾਰ ॥**

ਮੈਂ ਤਾਂ ਤੇਰੇ ਉਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀਂ ਹਾਂ।

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

ਜੋ ਤੈਨੂੰ ਭਾਉਂਦੀ ਹੈ, ਉਹੀ ਕਾਰ ਚੰਗੀ ਹੈ।

**ਤੂ ਸਦਾ ਸਲਾਮਤਿ ਨਿਰੰਕਾਰ ॥੧੬॥**

ਹੇ ਆਕਾਰ ਰਹਿਤ ਪ੍ਰਭੂ! ਤੂੰ ਸਦਾ ਰਹਿਣ ਵਾਲਾ ਹੈਂ।

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਉਪਦੇਸ਼
# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

## ਇਹ ਸੀ ਸਿੱਖੀ

ਜਿੱਥੋਂ ਦੀ ਉਹ ਲੰਘਦੇ, ਲੋਕ ਦੇਖ ਕੇ ਸਿੱਖ ਬਣ ਜਾਂਦੇ। ਪੜ੍ਹੋ ਹਾਲ ਪੰਥ ਪ੍ਰਕਾਸ਼ ਵਿੱਚ ਸਿੱਖਾਂ ਦਾ, ਕਿ ਓਦੋਂ ਕੋਈ ਸਿੱਖਾਂ ਦਾ ਪਰਚਾਰਕ ਨਹੀਂ ਸੀ। ਮੁਸਲਮਾਨ ਲੋਕ, ਸਿੱਖਾਂ ਦੇ ਲਹੂ ਦੇ ਤਿਹਾਏ ਸਨ। ਜੋ ਕੋਈ ਸਿਰ ਵੱਢ ਕੇ ਲੈ ਜਾਏ-ਦੱਸ ਦੇਵੇ ਤੇ ਦਸ, ਜੇ ਫੜਾਵੇ ਤੇ ਚਾਲੀ, ਜੇ ਸਿਰ ਦੇਵੇ ਤੇ ਅੱਸੀ। ਉਸ ਵੇਲੇ ਸਿੱਖ ਕਿਆ ਚੀਜ਼ ਥੇ ? ਮੁਸਲਮਾਨ ਆਪਣੀਆਂ ਕਿਤਾਬਾਂ 'ਚ ਲਿਖਦੇ ਨੇਂ ਸਿੱਖਾਂ ਨੂੰ ਸੱਗ। ਫਾਰਸੀ ਲਫਜ਼ ਸੱਗ ਕੁੱਤੇ ਦਾ ਨਾਂ ਹੈ।

ਉਹ ਕਹਿੰਦੇ ਨੇ, "ਇਹ (ਸਿੱਖ)-ਸੱਗ ਹਨ। ਇਹ ਸੱਗ ਇਹੋ ਜਿਹੇ ਹਨ, ਕਿਸੇ ਦੀ ਔਰਤ ਵੱਲ ਨਹੀਂ ਝਾਕਦੇ, ਇਹ ਸੱਗ ਝੂਠ ਨਹੀਂ ਬੋਲਦੇ, ਇਹ ਸੱਗ ਆਪਣਾ ਧਰਮ ਨਹੀਂ ਛੱਡਦੇ।" ਕੁੱਤੇ ਕਹਿੰਦੇ ਸਨ, ਪਰ ਇਹ ਗੱਲ ਉਹਨਾਂ ਨੂੰ ਵੀ-ਦੁਸ਼ਮਣਾਂ ਨੂੰ ਵੀ ਮੰਨਣੀ ਪਈ ਕਿ ਸਿੱਖ ਕਿਆ ਚੀਜ਼ ਹੈ।

ਫ਼ਰਖ਼ਸੀਅਰ ਬਾਦਸ਼ਾਹ ਦੀ ਸਿੱਖਾਂ ਨੂੰ ਮੁਕਾਉਣ ਦੀ ਸਲਾਹ ਹੋਈ। ਵਜ਼ੀਰ ਨੇ ਆਖਿਆ, "ਮੈਂ ਤੈਨੂੰ ਇੱਕ ਗੱਲ ਦੱਸਦਾ ਹਾਂ, ਤੂੰ ਇਹ ਕਰਕੇ ਦੇਖ ਲੈ ਕਿ ਮੁੱਕਣਗੇ ਵੀ ਕਿ ਨਹੀਂ, ਤੂੰ ਸਿੱਖ ਮੰਗਵਾ-ਇੱਕ ਬੁੱਢਾ, ਇੱਕ ਅਧਖੜ ਜਿਹਾ-ਕਰੜ ਬਰੜੀ ਦਾੜ੍ਹੀ ਵਾਲਾ, ਇੱਕ ਜਵਾਨ, ਇੱਕ ਬੱਚਾ।"

ਚਾਰੇ ਸਿੱਖ ਫੜ੍ਹ ਕੇ ਮੰਗਵਾ ਲਏ। ਮੰਗਵਾ ਕੇ, ਚੌਹਾਂ ਸਿੱਖਾਂ ਨੂੰ ਕਹਿੰਦਾ ਹੈ, "ਸੱਤ ਦਿਨ ਭੁੱਖੇ ਰੱਖੋ ਇਨ੍ਹਾਂ ਨੂੰ।" ਜੇਲ੍ਹ ਵਿੱਚ ਸੱਤ ਦਿਨ ਭੁੱਖੇ ਰੱਖੇ। ਇੱਕ ਹੋਰ ਸਿੱਖ ਮੰਗਵਾਇਆ, ਜਿਹਨੂੰ ਕਿਹਾ ਕਿ ਅਰਜ਼ ਕਰ ਜਾ ਕੇ, "ਮੈਂ ਇੱਕ ਸਿੱਖ ਨੂੰ ਪਰਸਾਦ ਛਕਾ ਸਕਨਾ ਹਾਂ, ਤੁਸੀਂ ਇੱਕ ਜਣਾ ਮੇਰੇ ਨਾਲ ਚੱਲੋ।" ਸੱਤਾਂ ਦਿਨਾਂ ਦੇ ਭੁੱਖੇ ਨੇ, ਜਿਸ ਵੇਲੇ ਜਾ ਕੇ ਆਖਿਆ,

ਉਹ ਬਿਰਧ ਕਹਿੰਦਾ ਹੈ, "ਮੈਂ ਤੇ ਖਾ ਪੀ ਬੈਠਾ ਹਾਂ, ਭਾਈ ਤੁਸੀਂ ਜਾਓ।"

ਉਹ ਦੂਆ ਕਹਿੰਦਾ ਹੈ, "ਜੀ ਮੈਂ ਹੁਣ ਕਿਵੇਂ ਖਾਵਾਂ ਤੁਹਾਡੇ ਹੁੰਦਿਆਂ।"

ਆਂਹਦੇ ਨੇ, "ਤੂੰ ਬੱਚਾ ! ਖਾ ਲੈ।"

ਉਹ ਬੱਚਾ ਕਹਿੰਦਾ, "ਬਾਬਾ ਜੀ, ਤੁਹਾਡੇ ਹੁੰਦਿਆਂ ਬਜ਼ੁਰਗਾਂ ਦੇ, ਮੈਂ ਕਿਵੇਂ ਖਾਵਾਂ ?

ਕੋਈ ਨਾ ਰੋਟੀ ਖਾਣ ਗਿਆ ਚੌਵਾਂ 'ਚੋਂ। ਕਹਿਣ ਲੱਗੇ, "ਭਾਈ ਸੱਜਣਾ ਜੇ ਤੂੰ ਇੱਕ ਦਾ ਲਿਆਉਂਦਾ ਹੈ, ਐਥੇ ਲਿਆ ਦੇ, ਅਸੀਂ ਵੰਡ ਕੇ ਖਾ ਲਵਾਂਗੇ। ਇਸ ਦਾ ਨਾਂ ਸੀ 'ਸਿੱਖੀ'।

..................................................

# 'ਸਤਿਜੁਗ': ਇੱਕ ਸਦੀ ਦਾ ਗਵਾਹ

– ਡਾ. ਸੁਖਦੇਵ ਸਿੰਘ ਸਿਰਸਾ
ਸਾਬਕਾ ਮੁਖੀ ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪੰਜਾਬ ਵਿੱਚ ਪੱਤਰਕਾਰੀ ਦਾ ਆਗ਼ਾਜ਼ ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਉਪਜੀ ਰਾਸ਼ਟਰਵਾਦੀ ਚੇਤਨਾ ਨਾਲ ਹੋਇਆ। ਬਰਤਾਨਵੀ ਸਾਮਰਾਜ ਵਿਰੁੱਧ ਉੱਭਰੀਆਂ ਧਾਰਮਿਕ ਪੁਨਰ-ਜਾਗਰਣ ਦੀਆਂ ਲਹਿਰਾਂ - ਸਿੰਘ ਸਭਾ, ਆਰੀਆ ਸਮਾਜ, ਦੇਵ ਸਮਾਜ ਅਤੇ ਅਹਿਮਦੀਆ ਲਹਿਰ ਆਦਿ ਦੇ ਸਿੱਟੇ ਵਜੋਂ ਵੱਖ-ਵੱਖ ਸਮਾਜਕ ਸਮੂਹਾਂ ਵਿੱਚ ਪੈਦਾ ਹੋਈ ਪਛਾਣ ਦੀ ਰਾਜਨੀਤੀ (idendity Politics) ਨੇ ਪੰਜਾਬ ਵਿੱਚ ਪੱਤਰਕਾਰੀ ਲਈ ਜ਼ਮੀਨ ਤਿਆਰ ਕੀਤੀ। ਇਸ ਸਮੇਂ ਪੰਜਾਬ ਵਿੱਚ ਤਿੰਨ ਭਾਸ਼ਾਵਾਂ - ਪੰਜਾਬੀ, ਉਰਦੂ ਤੇ ਅੰਗਰੇਜ਼ੀ ਵਿੱਚ ਰੋਜ਼ਾਨਾ, ਸਪਤਾਹਿਕ, ਪੰਦਰਵਾੜਾ ਅਤੇ ਮਾਸਿਕ ਅਖ਼ਬਾਰ ਜਾਂ ਪੱਤਰ ਸ਼ੁਰੂ ਹੋਏ। ਬਰਤਾਨਵੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਤੋਂ ਫ਼ੈਜ਼-ਯਾਬ ਹੋਏ ਪੰਜਾਬ ਦੇ ਸ਼ਹਿਰੀ ਮੱਧਵਰਗੀ ਲੋਕਾਂ ਨੇ ਲਾਹੌਰ ਤੇ ਅੰਮ੍ਰਿਤਸਰ ਦੇ ਨਾਲ-ਨਾਲ ਛੋਟੇ ਸ਼ਹਿਰਾਂ ਤੇ ਕਸਬਿਆਂ ਵਿੱਚੋਂ ਨਵੇਂ ਅਖ਼ਬਾਰ ਤੇ ਪੱਤਰ ਕੱਢਣੇ ਸ਼ੁਰੂ ਕੀਤੇ। ਲਾਇਲਪੁਰ, ਗੁੱਜਰਾਂਵਾਲਾ, ਫ਼ਿਰੋਜ਼ਪੁਰ, ਪਟਿਆਲਾ ਅਤੇ ਭਸੌੜ ਆਦਿ ਥਾਵਾਂ ਤੋਂ ਪੰਜਾਬੀ ਖੱਤਰੀ, ਅਰੋੜੇ, ਕਿਸਾਨ, ਮੁਲਾਜ਼ਮਾਂ, ਵਕੀਲਾਂ, ਡਾਕਟਰਾਂ, ਅਧਿਆਪਕਾਂ ਅਤੇ ਛੋਟੇ ਕਾਰੋਬਾਰੀਆਂ ਨੇ ਇਸ ਕਿੱਤੇ ਵਿੱਚ ਪ੍ਰਵੇਸ਼ ਕੀਤਾ। ਪੰਜਾਬ 'ਚ ਨਿਕਲਣ ਵਾਲਾ ਪਹਿਲਾ ਅਖ਼ਬਾਰ 'ਆਫ਼ਤਾਬ-ਇ-ਪੰਜਾਬ' ਸੀ। ਉਰਦੂ ਦਾ ਇਹ ਪੰਦਰਵਾੜਾ ਅਖ਼ਬਾਰ 1866 ਈ. ਵਿੱਚ ਲਾਹੌਰ ਤੋਂ ਦੀਵਾਨ ਬੂਟਾ ਸਿੰਘ ਨੇ ਸ਼ੁਰੂ ਕੀਤਾ ਸੀ। ਪੰਜਾਬ ਦੀ ਸਾਂਝੀ ਵਿਰਾਸਤ ਦੇ ਮੁਦੱਈ ਇਸ ਅਖ਼ਬਾਰ ਵਿੱਚ ਗਊ ਰੱਖਿਆ ਅਤੇ ਅੰਗਰੇਜ਼ ਸਰਕਾਰ ਪ੍ਰਤੀ ਵਫ਼ਾਦਾਰੀ ਦੀ ਵਕਾਲਤ ਕੀਤੀ ਗਈ ਸੀ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ 'ਚ ਨਿਕਲਣ ਵਾਲਾ ਪਹਿਲਾ ਅਖ਼ਬਾਰ 'ਅਖ਼ਬਾਰ ਸ਼੍ਰੀ ਦਰਬਾਰ ਸਾਹਿਬ' ਸੀ, ਜੋ 1867 ਈ. ਹੱਥ ਲਿਖਤ ਰੂਪ ਵਿੱਚ ਅੰਮ੍ਰਿਤਸਰ ਤੋਂ ਆਰੰਭ ਹੋਇਆ। ਇਹ ਰੋਜ਼ਾਨਾ ਅਖ਼ਬਾਰ ਸੀ। ਉੱਨੀਵੀਂ ਸਦੀ ਦੇ ਪਿਛਲੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਭਾਸ਼ਾ ਵਿੱਚ 23 ਅਖ਼ਬਾਰ ਤੇ ਪੱਤਰ ਸ਼ੁਰੂ ਹੋਏ। ਇਨ੍ਹਾਂ ਸਾਲਾਂ ਵਿੱਚ ਲਾਇਲ ਗਜ਼ਟ (1880, ਲਾਇਲਪੁਰ), ਖਾਲਸਾ ਅਖ਼ਬਾਰ (1883, ਅੰਮ੍ਰਿਤਸਰ), ਖਾਲਸਾ ਪ੍ਰਕਾਸ਼ (1891, ਲਾਹੌਰ), ਸਿੰਘ ਸਭਾ ਗਜ਼ਟ (1892), ਵਿਦਿਆ ਪ੍ਰਚਾਰਕ (1895), ਅਤੇ ਖਾਲਸਾ ਸਮਾਚਾਰ (1899, ਅੰਮ੍ਰਿਤਸਰ) ਛਪਦੇ ਸਨ।

ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ, ਕਾਰੋਬਾਰੀ ਤੇ ਵਿੱਦਿਅਕ ਅਦਾਰਿਆਂ ਅਤੇ ਛੋਟੇ ਭਾਈਚਾਰਕ ਸਮੂਹਾਂ ਵੱਲੋਂ ਆਪਣੇ ਸਾਂਝੇ ਕੌਮੀ ਆਰਥਿਕ ਤੇ ਰਾਜਸੀ ਹਿਤਾਂ, ਸਥਾਨਕ ਮਸਲਿਆਂ ਅਤੇ ਵੱਖਰੀ ਧਾਰਮਿਕ ਤੇ ਭਾਈਚਾਰਕ ਪਛਾਣ ਲਈ ਲਗਭਗ ਦੋ ਦਰਜਨ ਦੈਨਿਕ, ਸਪਤਾਹਿਕ, ਪੰਦਰਾਂ ਰੋਜ਼ਾ, ਮਾਸਿਕ ਤੇ ਦੋ ਮਾਸਿਕ ਅਖ਼ਬਾਰ ਤੇ ਪੱਤਰ ਸ਼ੁਰੂ ਕੀਤੇ। ਇਨ੍ਹਾਂ 'ਚੋਂ ਪ੍ਰਮੁੱਖ ਸਨ: ਰਾਮਗੜ੍ਹੀਆ ਪਤ੍ਰਿਕਾ (1902, ਸਪਤਾਹਿਕ, ਲਾਹੌਰ), ਖਾਲਸਾ ਸੇਵਕ (1903, ਮਾਸਿਕ, ਅੰਮ੍ਰਿਤਸਰ), ਖਾਲਸਾ ਐਡਵੋਕੇਟ (1903, ਅੰਗਰੇਜ਼ੀ, ਸਪਤਾਹਿਕ), ਖਾਲਸਾ ਤੇ ਖਾਲਸਾ ਐਡਵੋਕੇਟ (1923, ਸਪਤਾਹਿਕ, ਪੰਜਾਬੀ), ਪੰਥ (ਪੰਦਰਵਾੜਾ, ਗੁੱਜਰਾਂਵਾਲਾ), ਬਾਰ (1907, ਸਪਤਾਹਿਕ, ਲਾਇਲਪੁਰ), ਇਸਤਰੀ ਸਤਿਸੰਗ (1904, ਸਪਤਾਹਿਕ, ਅੰਮ੍ਰਿਤਸਰ), ਇਸਤਰੀ ਸਮਾਚਾਰ (1908, ਕੋਇਟਾ, ਸਪਤਾਹਿਕ), ਪਟਿਆਲਾ ਗਜ਼ਟ (1910, ਰਿਆਸਤ ਪਟਿਆਲਾ ਵੱਲੋਂ), ਗ਼ਦਰ (1913, ਸਾਂਨਫਰਾਂਸਿਸਕੋ, ਅਮਰੀਕਾ), ਪੰਥ ਸੇਵਕ (1914, ਸਪਤਾਹਿਕ, ਪੰਚ ਖਾਲਸਾ ਦੀਵਾਨ ਭਸੌੜ), ਸਿੱਖ ਸਿਪਾਹੀ (1917, ਹਫ਼ਤਾਵਾਰੀ, ਫ਼ਿਰੋਜ਼ਪੁਰ), ਇਸਤਰੀ ਸੁਧਾਰ (1924, ਪੰਦਰਵਾੜਾ), ਅਕਾਲੀ (ਰੋਜ਼ਾਨਾ, ਗੁਰਮੁਖੀ ਤੇ ਉਰਦੂ ਲਿੱਪੀਆਂ ਵਿੱਚ, ਲਾਹੌਰ ਤੇ ਅੰਮ੍ਰਿਤਸਰ), ਬੱਬਰ ਸ਼ੇਰ (1922, ਸਪਤਾਹਿਕ), ਕੌਮੀ ਬੱਬਰ ਸ਼ੇਰ (1928), ਪ੍ਰਦੇਸੀ ਖਾਲਸਾ/ਅਕਾਲੀ ਤੇ ਪ੍ਰਦੇਸੀ ਖਾਲਸਾ (1922, ਲਾਹੌਰ/ਅੰਮ੍ਰਿਤਸਰ), ਕਿਰਪਾਨ ਬਹਾਦਰ (1922, ਸਪਤਾਹਿਕ, ਅੰਮ੍ਰਿਤਸਰ), ਦੇਸ ਸੇਵਕ (1923, ਸਪਤਾਹਿਕ, ਜਲੰਧਰ), ਬੱਬਰ ਅਕਾਲੀ ਦੁਆਬਾ ਅਖ਼ਬਾਰ

(1922, ਸਾਈਕਲੋ-ਸਟਾਈਲ ਰੂਪ 'ਚ), ਫੁਲਵਾੜੀ (1924, ਮਾਸਿਕ, ਅੰਮ੍ਰਿਤਸਰ), ਕਿਰਤੀ (ਮਾਸਿਕ 1926, ਅੰਮ੍ਰਿਤਸਰ) ਅਤੇ ਫਤਹਿ (ਹਫ਼ਤਾਵਾਰੀ) ਆਦਿ। ਇਸ ਦੌਰ ਦੀ ਪੰਜਾਬੀ ਪੱਤਰਕਾਰੀ ਦੀ ਮੁੱਖ ਸੁਰ ਰਾਸ਼ਟਰਵਾਦੀ ਭਾਵਨਾ ਵਾਲੀ ਤੇ ਬਰਤਾਨਵੀ ਸਾਮਰਾਜ ਵਿਰੋਧੀ ਸੀ। ਬਹੁਤ ਸਾਰੇ ਸੰਪਾਦਕਾਂ, ਪ੍ਰਕਾਸ਼ਕਾਂ ਅਤੇ ਪ੍ਰਬੰਧਕਾਂ ਨੂੰ ਸਰਕਾਰੀ ਜਬਰ ਝੱਲਣਾ ਪਿਆ, ਜੁਰਮਾਨੇ, ਗ੍ਰਿਫ਼ਤਾਰੀਆਂ, ਜੂਹ-ਬੰਦੀਆਂ ਤੇ ਕੈਦਾਂ ਕੱਟਣੀਆਂ ਪਈਆਂ। ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਵਾਲੇ ਅਖ਼ਬਾਰਾਂ ਨੂੰ ਜੁਰਮਾਨੇ, ਜ਼ਮਾਨਤ ਰਾਸ਼ੀ ਦੀ ਜ਼ਬਤੀ ਅਤੇ ਸਖ਼ਤ ਸੈਂਸਰਸ਼ਿਪ ਦਾ ਸੰਤਾਪ ਝੱਲਣਾ ਪਿਆ। ਬੰਦ ਹੋਣ 'ਤੇ ਅਖ਼ਬਾਰ/ਪੱਤਰ/ਪੱਤ੍ਰਿਕਾਵਾਂ ਨਵੇਂ ਨਾਵਾਂ ਹੇਠ ਸ਼ੁਰੂ ਕੀਤੇ ਜਾਂਦੇ ਰਹੇ। ਇਸ ਦੌਰ ਵਿੱਚ ਭਾਵੇਂ ਕੁਝ ਸਰਕਾਰ-ਪ੍ਰਸਤਾਂ ਨੇ ਸਰਕਾਰੀ ਨੀਤੀਆਂ ਤੇ ਬਰਤਾਨਵੀ ਸ਼ਾਸਕਾਂ ਪ੍ਰਤੀ ਵਫ਼ਾਦਾਰੀ ਦਾ ਹੋਕਾ ਦਿੱਤਾ, ਪਰ ਪੰਜਾਬੀ ਪੱਤਰਕਾਰੀ ਦਾ ਰੁਝਾਨ ਅੰਗਰੇਜ਼ ਹਾਕਮਾਂ ਪ੍ਰਤੀ ਨਾਬਰੀ ਦਾ ਰਿਹਾ। ਨਾਮਧਾਰੀ ਪੰਥ ਦੇ ਸਪਤਾਹਿਕ 'ਸਤਿਜੁਗ' (1920) ਦੇ ਆਰੰਭ ਸਮੇਂ ਪੰਜਾਬੀ ਪੱਤਰਕਾਰੀ ਦੇ ਤਿੰਨ ਮੁੱਖ ਰੁਝਾਨ ਸਨ:-

(ੳ) ਕੌਮੀ ਸੁਤੰਤਰਤਾ ਸੰਗਰਾਮ ਦੇ ਸਮਰਥਕ ਤੇ ਕੰਪਨੀ ਰਾਜ (ਬਸਤੀਵਾਦੀ ਹਕੂਮਤ) ਦੇ ਵਿਰੁੱਧ ਬਗ਼ਾਵਤੀ ਸੁਰ ਵਾਲੇ ਅਖ਼ਬਾਰ/ਪੱਤਰ-ਪੱਤ੍ਰਿਕਾਵਾਂ ਜਿਨ੍ਹਾਂ ਵਿੱਚ ਇਹ ਮੁੱਖ ਸਨ- 'ਅਕਾਲੀ', 'ਬੱਬਰ ਸ਼ੇਰ', 'ਅਕਾਲੀ ਤੇ ਪ੍ਰਦੇਸੀ', 'ਕੌਮੀ ਬੱਬਰ ਸ਼ੇਰ', 'ਦੇਸ ਸੇਵਕ', 'ਕਿਰਪਾਨ ਬਹਾਦਰ', 'ਸਤਿਜੁਗ', 'ਸਿੱਖ ਸੇਵਕ' ਅਤੇ 'ਬੱਬਰ ਅਕਾਲੀ ਦੁਆਬਾ' ਅਖ਼ਬਾਰ।

(ਅ) ਅੰਗਰੇਜ਼ੀ ਰਾਜ ਪ੍ਰਤੀ ਨਰਮ ਗੋਸ਼ਾ ਤੇ ਵਫ਼ਦਾਰੀ ਰੱਖਣ ਵਾਲੇ ਅਖ਼ਬਾਰ/ਰਿਸਾਲੇ ਸਨ - ਆਫ਼ਤਾਬ-ਇ-ਪੰਜਾਬ (ਉਰਦੂ), ਖਾਲਸਾ ਸਮਾਚਾਰ, ਪਟਿਆਲਾ ਗਜ਼ਟ, ਸਿੱਖ ਸਿਪਾਹੀ ਅਤੇ ਪੰਜਾਬੀ ਭੈਣ ਆਦਿ। ਕੁਝ ਪੰਜਾਬੀ ਰਿਆਸਤਾਂ ਦੇ ਮੁਖੀ, ਪੰਜਾਬ ਦੇ ਨਾਮੀ ਸਾਮੰਤ ਘਰਾਣੇ, ਪੰਜਾਬ ਚੀਫ਼ਸ ਅਤੇ ਕੁਝ ਨਰਮ-ਪੰਥੀ ਧਾਰਮਿਕ ਸੰਸਥਾਵਾਂ ਕੰਪਨੀ ਰਾਜ ਪ੍ਰਤੀ ਵਫ਼ਦਾਰੀ ਦੀ ਵਕਾਲਤ ਕਰਦੀਆਂ ਸਨ।

(ੲ) ਰਾਸ਼ਟਰੀ ਚੇਤਨਾ ਅਤੇ ਖੱਬੇ-ਪੱਖੀ ਵਿਚਾਰਧਾਰਾ ਦੇ ਸਮਰਥਕ ਅਖ਼ਬਾਰ/ਰਿਸਾਲਿਆਂ ਵਿੱਚੋਂ ਪ੍ਰਮੁੱਖ ਸਨ - ਬੱਬਰ ਸ਼ੇਰ, ਦੇਸ ਸੇਵਕ, ਕਿਰਤੀ, ਕੌਮੀ ਸੇਵਕ ਅਤੇ ਦੇਸ਼-ਦਰਦੀ ਆਦਿ। ਇਨ੍ਹਾਂ ਨੇ ਸਥਾਨਕ ਤੇ ਕੌਮੀ ਪੱਧਰ ਉੱਤੇ ਦਰਪੇਸ਼ ਮਸਲਿਆਂ ਨੂੰ ਜਮਾਤੀ ਦ੍ਰਿਸ਼ਟੀ ਤੋਂ ਸਮਝਣ ਦਾ ਯਤਨ ਕੀਤਾ। ਇਨ੍ਹਾਂ ਨੇ ਬਰਤਾਨਵੀ ਬਸਤੀਵਾਦੀ ਹਕੂਮਤ ਅਤੇ ਕਾਂਗਰਸ ਦੇ ਜਮਾਤੀ ਚਰਿੱਤਰ ਨੂੰ ਸਮਝ ਕੇ ਭਾਰਤੀ ਕਿਰਤੀਆਂ-ਕਿਸਾਨਾਂ ਨੂੰ ਸਾਂਝਾ ਤੇ ਵਿਸ਼ਾਲ ਜਨਤਕ ਮੁਹਾਜ਼ ਉਸਾਰਨ ਲਈ ਪ੍ਰੇਰਿਆ।

ਨਾਮਧਾਰੀ ਪੰਥ ਆਪਣੀ ਸਥਾਪਨਾ (ਅਪਰੈਲ, 1857) ਦੇ ਵੇਲੇ ਤੋਂ ਹੀ ਬਰਤਾਨਵੀ ਬਸਤੀਵਾਦੀ ਸਰਕਾਰ ਦਾ ਵਿਰੋਧੀ ਸੀ। ਧਾਰਮਿਕ ਸੰਗਠਨ ਹੋਣ ਦੇ ਬਾਵਜੂਦ ਨਾਮਧਾਰੀ ਪੰਥ ਕੰਪਨੀ ਰਾਜ ਦੇ ਵਿਰੁੱਧ ਸਵਰਾਜ ਜਾਂ ਸਾਂਝੇ ਕੌਮੀ ਰਾਜ ਦਾ ਸੁਦ੍ਰਿੜ ਹਮਾਇਤੀ ਸੀ। ਉਨ੍ਹਾਂ ਦਾ ਬਸਤੀਵਾਦੀ ਹਕੂਮਤ ਨਾਲ ਨਾ-ਮਿਲਵਰਤਨ ਤੇ ਸਵਦੇਸ਼ੀ ਦਾ ਨਾਹਰਾ ਰਾਜਸੀ ਸੁਰ ਵਾਲਾ ਹੀ ਸੀ। ਉਨ੍ਹਾਂ ਨੇ ਬਰਤਾਨਵੀ ਹਕੂਮਤ ਦੇ ਨਿਆਂ, ਸਿੱਖਿਆ, ਡਾਕ/ਸੰਚਾਰ, ਆਵਾਜਾਈ ਅਤੇ ਬਦੇਸ਼ੀ ਵਸਤਾਂ ਦੇ ਮੁਕਾਬਲੇ ਸਮਾਨੰਤਰ ਕੂਕਾ ਪ੍ਰਬੰਧ ਦੀ ਉਸਾਰੀ ਅਤੇ ਸਵਦੇਸ਼ੀ ਵਸਤਾਂ ਨੂੰ ਧਾਰਨ ਕਰਨ ਦਾ ਸੰਦੇਸ਼ ਦੇ ਕੇ ਅਸਿੱਧੇ ਰੂਪ ਵਿੱਚ ਬਸਤੀਵਾਦੀ ਹਕੂਮਤ ਨੂੰ ਰਾਜਸੀ ਚੁਣੌਤੀ ਦਿੱਤੀ। ਨਤੀਜੇ ਵਜੋਂ ਕੂਕਿਆਂ ਉੱਪਰ ਤਰ੍ਹਾਂ-ਤਰ੍ਹਾਂ ਦਾ ਜਬਰ ਤੇ ਦਮਨ ਹੋਇਆ; ਨਜ਼ਰਬੰਦੀਆਂ, ਜੂਹਬੰਦੀਆਂ, ਜੁਰਮਾਨੇ, ਕੈਦਾਂ, ਜ਼ਮੀਨ-ਜਾਇਦਾਦਾਂ ਦੀ ਕੁਰਕੀ, ਫ਼ਾਂਸੀਆਂ ਅਤੇ ਮਲੇਰਕੋਟਲਾ ਦੇ ਮੈਦਾਨ ਵਿੱਚ 65 ਕੂਕਿਆਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕਰ ਦਿੱਤਾ। ਨਾਮਧਾਰੀ ਪੰਥ ਦੇ ਰਹਿਨੁਮਾ ਸਤਿਗੁਰੂ ਰਾਮ ਸਿੰਘ ਜੀ ਨੂੰ ਜਨਵਰੀ 1872 ਈ. ਵਿੱਚ ਦੇਸ਼-ਬਦਰ ਕਰ ਦਿੱਤਾ। ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਨਾਮਧਾਰੀ ਪੰਥ ਨੇ ਸਖ਼ਤੀਆਂ ਦੇ ਬਾਵਜੂਦ ਫ਼ੈਸਲਾਕੁੰਨ ਇਤਿਹਾਸਕ ਭੂਮਿਕਾ ਨਿਭਾਈ। ਆਪਣੇ ਧਰਮ/ਮਤ ਦੇ ਪ੍ਰਚਾਰ, ਕੌਮੀ ਸੁਤੰਤਰਤਾ ਸੰਗਰਾਮ ਦੀ ਸਫ਼ਲਤਾ ਅਤੇ ਲੋਕਾਈ ਦੀ ਸੇਵਾ ਲਈ ਪੰਥ ਵੱਲੋਂ 1920 ਈ. ਵਿੱਚ ਸਪਤਾਹਿਕ 'ਸਤਿਜੁਗ' ਦੀ ਸਥਾਪਨਾ ਕੀਤੀ ਗਈ। ਸਤਿਜੁਗ ਦੇ ਸੰਚਾਲਣ ਪਿੱਛੇ ਮੂਲ ਪ੍ਰੇਰਨਾ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਸੀ, ਜੋ ਇਸ ਦੇ ਪਹਿਲੇ ਕੁਝ ਅੰਕਾਂ ਦੇ ਪ੍ਰਬੰਧ-ਸੰਪਾਦਕ ਸਨ। ਸਪਤਾਹਿਕ ਸਤਿਜੁਗ ਦਾ ਪਹਿਲਾ ਅੰਕ 26 ਮਈ, 1920 ਨੂੰ ਲਾਹੌਰ ਤੋਂ ਨਿਰੰਕਾਰ ਸਿੰਘ ਚੇਤਨ ਦੀ ਸੰਪਾਦਕੀ 'ਚ ਛਪਿਆ। ਸੰਪਾਦਕੀ ਲੇਖ ਵਿੱਚ ਸਤਿਜੁਗ ਦੇ ਪ੍ਰਕਾਸ਼ਨ ਦੇ ਮਨੋਰਥ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸਪੱਸ਼ਟ ਕੀਤਾ ਗਿਆ ਸੀ:-

**ਅਜ ਕੱਲ ਦੇ ਸਮੇਂ ਵਿੱਚ ਅਖ਼ਬਾਰਾਂ ਦੀ ਬੜੀ ਲੋੜ ਹੈ, ਕਿਉਕਿ ਬਿਨਾਂ ਅਖ਼ਬਾਰ ਦੇ ਕੋਈ ਕੌਮ ਯਾ ਪੰਥ**

**ਆਪਨੀਆਂ ਤਕਲੀਫ਼ਾਂ ਨੂੰ ਸਰਕਾਰ ਅੱਗੇ ਅਥਵਾ ਸਾਰੇ ਦੇਸ ਅਤੇ ਸਾਰੇ ਸੰਸਾਰ ਅੱਗੇ ਜ਼ਾਹਰ ਨਹੀਂ ਕਰ ਸਕਦਾ।... ਏਹ ਸਤਿਯੁਗ ਅਖ਼ਬਾਰ ਨਾਮਧਾਰੀ ਸਿੱਖਾਂ ਨੇ ਕੇਵਲ ਕੌਮ ਅਤੇ ਦੇਸ ਦੀ ਸੇਵਾ ਲਈ ਜਾਰੀ ਕੀਤਾ ਹੈ, ਬਪਾਰ ਸਮਝ ਕੇ ਨਫ਼ਾ ਕਮਾਨ ਦੀ ਖਾਤਰ ਨਹੀਂ ਕੀਤਾ।... ਇਹ ਥਾਂ ਥਾਂ ਤੇ ਪਾਠਸ਼ਾਲਾ ਖੋਹਲ ਕੇ ਛੋਟੇ ਵੱਡੇ ਸਭ ਨੂੰ ਵਿਦਿਆ ਪੜ੍ਹਾ ਕੇ ਦੇਸ ਵਿਚੋਂ ਅਗਿਆਨ ਅੰਧੇਰ ਨੂੰ ਦੂਰ ਕਰੇਗਾ। ਪੰਥ ਅਤੇ ਦੇਸ ਦੇ ਹਰ ਮਨੁੱਖ ਨੂੰ ਗਿਆਨੀ ਬਣਾ ਕੇ ਅਪਨੇ ਹਕ ਲੈਣ ਲਈ ਤਿਆਰ ਕਰੇਗਾ।... ਸਰਕਾਰੀ ਹਾਕਮਾਂ ਨੂੰ ਅਯੋਗ ਕੰਮ ਕਰਨ ਤੋਂ ਟੋਕੇਗਾ ਅਤੇ ਬੇਅਦਲੀ ਨੂੰ ਰੋਕਣ ਦਾ ਸਿਰੋਂ ਪਰੇ ਹੋ ਕੇ ਜਤਨ ਕਰੇਗਾ।... ਅਪਨੇ ਦੇਸ ਨੂੰ ਅਜ਼ਾਦ ਕਰਾਨ ਲਈ ਅਥਵਾ ਸ੍ਵਰਾਜ (ਅਪਣਾ ਰਾਜ) ਦੁਵਾਨ ਦਾ ਲੱਕ ਬੰਨ ਕੇ ਜਤਨ ਕਰੇਗਾ।**

ਬਰਤਾਨਵੀ ਸਾਮਰਾਜ ਦੀਆਂ ਲੋਕ-ਵਿਰੋਧੀ ਨੀਤੀਆਂ ਦੀ ਆਲੋਚਨਾ ਕਰਨ ਕਰਕੇ ਸਤਿਜੁਗ ਨੂੰ ਕਈ ਤਰ੍ਹਾਂ ਦੀਆਂ ਪਾਬੰਦੀਆਂ ਤੇ ਦਮਨ ਦਾ ਸ਼ਿਕਾਰ ਹੋਣਾ ਪਿਆ। ਇਸ ਦੀ ਕਈ ਵਾਰ ਜ਼ਮਾਨਤ ਰਾਸ਼ੀ ਜ਼ਬਤ ਹੋਈ। ਸੰਪਾਦਕਾਂ ਨੂੰ ਜੁਰਮਾਨੇ ਤੇ ਜੇਲ੍ਹ ਜਾਣਾ ਪਿਆ ਅਤੇ ਸਤਿਜੁਗ ਦੇ ਕਈ ਪਰਚੇ ਸਰਕਾਰ ਵੱਲੋਂ ਜ਼ਬਤ ਹੋਏ। ਸਤਿਜੁਗ ਦੀ ਜ਼ਮਾਨਤ ਜ਼ਬਤ ਹੋਣ 'ਤੇ ਨਿਧਾਨ ਸਿੰਘ ਆਲਮ ਨੇ ਲਾਹੌਰ ਤੋਂ ਰੋਜ਼ਾਨਾ 'ਕੂਕਾ' (ਪੰਜਾਬੀ) ਅਤੇ 'ਆਲਿਮ' (ਉਰਦੂ) ਵਿੱਚ ਕੱਢੇ। ਆਲਮ ਜੀ ਦੇ ਜੇਲ੍ਹ ਜਾਣ ਬਾਅਦ ਭਗਵਾਨ ਸਿੰਘ ਦਾਸ ਨੇ ਕੁਝ ਸਮਾਂ ਦੋਵੇਂ ਪਰਚਿਆਂ ਦਾ ਸੰਪਾਦਨ ਕੀਤਾ। ਸਤਿਜੁਗ ਦੇ 1924 ਅਤੇ 1936 ਈ. ਦੇ ਬਸੰਤ ਅੰਕਾਂ ਦੀ ਅੰਗਰੇਜ਼ ਸਰਕਾਰ ਵੱਲੋਂ ਜ਼ਮਾਨਤ ਜ਼ਬਤ ਹੋਈ। ਆਰੰਭਲੇ ਸਾਲਾਂ ਵਿੱਚ ਕੁਝ ਸਰਕਾਰ-ਪ੍ਰਸਤ ਸਿੱਖ ਹਲਕਿਆਂ ਵੱਲੋਂ ਵੀ ਸਤਿਜੁਗ ਦਾ ਵਿਰੋਧ ਹੋਇਆ, ਪਰ ਹਿੰਦੋਸਤਾਨ ਦੀਆਂ ਨਾਮੀ ਹਸਤੀਆਂ ਨੇ ਕੂਕਾ ਲਹਿਰ ਬਾਰੇ ਆਪਣੀਆਂ ਉਸਾਰੂ ਲਿਖਤਾਂ ਰਾਹੀਂ 'ਸਤਿਜੁਗ' ਨੂੰ ਪੱਕੇ ਪੈਰੀਂ ਕੀਤਾ। ਇਨ੍ਹਾਂ 'ਚੋਂ ਪ੍ਰਮੁੱਖ ਹਨ - ਸਰਦੂਲ ਸਿੰਘ ਕਵੀਸ਼ਰ, ਡਾ. ਸਤਿਆਪਾਲ, ਮੌਲਾਨਾ ਜ਼ਫ਼ਰ ਅਲੀ (ਸੰਪਾ. ਜਿਮੀਂਦਾਰ), ਚੌਧਰੀ ਗ਼ੁਲਾਮ ਹੈਦਰ (ਸੰਪਾ. ਸਦਾਕਤ), ਮੌਲਾਨਾ ਸਈਦ ਹਬੀਬ (ਸੰਪਾ. ਸਿਆਸਤ) ਅਤੇ ਡਾ. ਗੋਕਲ ਚੰਦ ਨਾਰੰਗ ਆਦਿ। ਪ੍ਰਤਾਪ ਹਰੀ ਪ੍ਰੈੱਸ, ਗੰਗਾ ਬਿਲਡਿੰਗ ਲਾਹੌਰ ਤੋਂ ਆਰੰਭ ਹੋ ਕੇ ਸਤਿਜੁਗ ਸਮੇਂ ਸਮੇਂ ਲਾਹੌਰ (1920-1929 ਤੱਕ), ਸ੍ਰੀ ਭੈਣੀ ਸਾਹਿਬ (1929-1949 ਤੱਕ), ਸ੍ਰੀ ਜੀਵਨ ਨਗਰ (ਹਰਿਆਣਾ, 1949-1992 ਤੱਕ), ਦਿੱਲੀ (1993-2018 ਤੱਕ) ਅਤੇ ਹੁਣ ਫੇਰ ਭੈਣੀ ਸਾਹਿਬ ਤੋਂ ਛਪਦਾ ਆ ਰਿਹਾ ਹੈ।

ਸਪਤਾਹਿਕ ਸਤਿਜੁਗ ਨੇ ਪਿਛਲੀ ਇੱਕ ਸਦੀ ਦੇ ਹਿੰਦ-ਪਾਕਿ ਖ਼ਿੱਤੇ ਦੇ ਰਾਜਸੀ, ਆਰਥਿਕ, ਸਮਾਜਕ-ਸੱਭਿਆਚਾਰਕ ਅਤੇ ਧਾਰਮਿਕ ਮਸਲਿਆਂ ਨੂੰ ਨਿਰਪੱਖਤਾ ਅਤੇ ਬੇਬਾਕੀ ਨਾਲ ਆਪਣੇ ਪੰਨਿਆਂ ਉੱਪਰ ਥਾਂ ਦਿੱਤੀ ਹੈ। ਇੱਕ ਧਾਰਮਿਕ ਸਮੂਹ ਦਾ ਬੁਲਾਰਾ ਹੋਣ ਦੇ ਬਾਵਜੂਦ ਸਤਿਜੁਗ ਨੇ ਧਾਰਮਿਕ ਸਦਭਾਵਨਾ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸਲਾਮ, ਹਿੰਦੂਮਤ ਅਤੇ ਸਿੱਖ ਸੰਪਰਦਾਵਾਂ ਨਾਲ ਆਪਣੇ ਅਕੀਦੇ ਤੇ ਵਿਚਾਰਾਂ ਦੇ ਵਖਰੇਵੇਂ ਨੂੰ ਸਤਿਜੁਗ ਨੇ ਬੇਲੋੜਾ ਵਿਵਾਦ ਨਹੀਂ ਬਣਨ ਦਿੱਤਾ, ਸਗੋਂ ਤਰਕ-ਸੰਗਤ ਸੰਵਾਦ ਤੇ ਹਲੀਮੀ ਦਾ ਪੱਲਾ ਨਹੀਂ ਛੱਡਿਆ। ਸਤਿਜੁਗ ਨੇ ਸਿੱਖ ਜੀਵਨ-ਜਾਚ, ਗੁਰਮਤਿ ਸਿਧਾਂਤਾਂ ਅਤੇ ਗੁਰਮਤਿ ਆਦਰਸ਼ਾਂ ਦੀ ਤਾਰਕਿਕ ਵਿਆਖਿਆ ਕਰਕੇ ਸਿੱਖ ਪੁਨਰ-ਜਾਗਰਤੀ ਦੀ ਲਹਿਰ ਨੂੰ ਮਜ਼ਬੂਤ ਕੀਤਾ ਹੈ। ਪਿਛਲੀ ਇੱਕ ਸਦੀ ਵਿੱਚ ਸਤਿਜੁਗ ਨੇ ਸਿੱਖ ਸਮਾਜ ਤੇ ਸਿੱਖ ਸੰਪ੍ਰਦਾਵਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਸਾਰਥਿਕ ਸੰਵਾਦ ਦਾ ਰੂਪ ਦਿੱਤਾ ਹੈ।

ਨਿਰਸੰਦੇਹ, ਸਤਿਜੁਗ ਦੀ ਪ੍ਰਾਪਤੀ ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਰਤਾਨਵੀ ਬਸਤੀਵਾਦੀ ਪ੍ਰਬੰਧ ਦੇ ਖ਼ਿਲਾਫ਼ ਉੱਠ ਰਹੀਆਂ ਜਨਤਕ ਲਹਿਰਾਂ ਅਤੇ ਲੋਕ-ਵਿਦਰੋਹ ਦੀ ਬੇਬਾਕ ਰੀਪੋਰਟਿੰਗ ਤੇ ਆਲੋਚਨਾ ਕਰਕੇ ਹੈ। ਗੁਰਦੁਆਰਾ ਸੁਧਾਰ ਲਹਿਰ ਸਮੇਂ ਵਾਪਰੇ ਨਨਕਾਣਾ ਸਾਹਿਬ ਦੇ ਸਾਕੇ, ਗੁਰੂ ਕਾ ਬਾਗ਼, ਜੈਤੋ, ਨਾਭਾ ਅਤੇ ਗੁਰਦਵਾਰਾ ਰਕਾਬ ਗੰਜ ਦੇ ਮੋਰਚਿਆਂ ਸਮੇਂ ਹੋਏ ਖ਼ੂਨੀ ਨਰਸੰਹਾਰ ਨੂੰ ਸਤਿਜੁਗ ਨੇ ਬਰਤਾਨਵੀ ਹਾਕਮਾਂ ਦੀ ਕੂਟਨੀਤੀ ਅਤੇ ਦਰਿੰਦਗੀ ਕਹਿ ਕੇ ਫਿਟਕਾਰਿਆ ਅਤੇ ਸਮੂਹ ਦੇਸ਼ ਵਾਸੀਆਂ ਨੂੰ ਕੌਮੀ ਸਵੈਮਾਨ ਦੀ ਰਾਖੀ ਲਈ ਅੰਗਰੇਜ਼ਾਂ ਵਿਰੁੱਧ ਸੰਘਰਸ਼ ਲਈ ਵੰਗਾਰਿਆ। ਪ੍ਰਮਾਣ ਵਜੋਂ 13 ਫਰਵਰੀ ਤੇ 20 ਫ਼ਰਵਰੀ 1921 ਦੇ ਸਤਿਜੁਗ ਦੇ ਅੰਕਾਂ ਦੀ ਘਟਨਾਵਾਂ ਬਾਰੇ ਰੀਪੋਰਟਿੰਗ ਅਤੇ ਨਾਮਧਾਰੀ ਸਿੰਘਾਂ ਨੂੰ ਕੀਤੀ ਇਹ ਅਪੀਲ ਦੇਖੀ ਜਾ ਸਕਦੀ ਹੈ:-

"ਐ ਨਾਮਧਾਰੀ ਖਾਲਸਾ ਜੀ, ਤੁਸੀਂ ਨਨਕਾਣੇ ਸਾਹਿਬ ਦਾ ਸਾਕਾ ਭਲੀ ਪ੍ਰਕਾਰ ਸੁਣ ਚੁੱਕੇ ਹੋ।... ਉੱਥੇ ਐਸ ਵੇਲੇ ਸੇਵਕਾਂ ਦੀ ਡਾਢੀ ਲੋੜ ਹੈ ਅਤੇ ਐਸ ਵੇਲੇ ਤੁਹਾਨੂੰ ਵੀ ਉਚਿਤ ਹੈ ਕਿ ਆਪਣੇ ਭਰਾਵਾਂ ਦਾ ਜਿਸ ਤਰਾਂ ਸ਼ਹੀਦ ਹੋਣ

ਸਮੇਂ ਹੱਥ ਵਟਾਇਆ ਜੇ ਏਸੜ੍ਹਾਂ ਸੇਵਾ ਵਿੱਚ ਵੀ ਤਿਆਰ ਬਰ ਤਿਆਰ ਹੋ ਜਾਵੋ ਅਤੇ ਜੱਥਿਆਂ ਦੇ ਜੱਥੇ ਨਨਕਾਣਾ ਸਾਹਿਬ ਪੁਜੋ।"

'ਸਤਿਜੁਗ' ਵਿੱਚ ਭਾਰਤੀਆਂ ਨੂੰ ਅੰਗਰੇਜ਼ ਸਰਕਾਰ ਦੇ ਪ੍ਰਬੰਧਕੀ ਢਾਂਚੇ ਦਾ ਬਾਈਕਾਟ, ਵਿਦੇਸ਼ੀ ਮਾਲ ਦਾ ਤਿਆਗ ਅਤੇ ਸਰਕਾਰ ਨਾਲ ਨਾ-ਮਿਲਵਰਤਣ ਕਰਨ ਲਈ ਕਵਿਤਾਵਾਂ ਤੇ ਅਪੀਲਾਂ ਅਕਸਰ ਛਪਦੀਆਂ ਸਨ। ਪ੍ਰਮਾਣ ਵਜੋਂ ਦੇਖੋ 29 ਸਤੰਬਰ, 1920 ਦੇ ਅੰਕ ਵਿੱਚ ਨਿਰੰਕਾਰ ਸਿੰਘ ਚੇਤਨ ਦੀ ਕਵਿਤਾ - 'ਬੰਦ ਕਰੋ ਸਰਕਾਰ ਦੇ ਨਾਲ ਵਰਤਨ' ਅਤੇ 8 ਦਸੰਬਰ, 1920 ਦੇ ਅੰਕ ਵਿੱਚ ਨਿਧਾਨ ਸਿੰਘ ਆਲਮ ਰਚਿਤ ਕਵਿਤਾ- 'ਹੁਣ ਛੱਡ ਦਿਉ ਭਾਈਚਾਰਾ ਨੌਕਰਸ਼ਾਹੀ ਦਾ।' ਸਤਿਜੁਗ ਵਿੱਚ ਕਾਲੇਪਾਣੀ ਦੇ ਕੈਦੀਆਂ ਦੀ ਭੁੱਖ ਹੜਤਾਲ (1937), ਬਾਰਦੌਲੀ ਦੇ ਕਿਸਾਨ ਅੰਦੋਲਨ, ਲਾਹੌਰ ਦੇ ਕਿਸਾਨ ਸਤਿਆਗ੍ਰਹਿ (ਜੂਨ, 1939), ਮਹਾਰਾਜਾ ਨਾਭਾ ਦੀ ਬਰਖਾਸਤਗੀ ਰੱਦ ਕਰਕੇ ਰਿਆਸਤ ਮੁਖੀ ਵਜੋਂ ਬਹਾਲੀ, ਪਿਸ਼ਾਵਰ ਦੇ ਪਠਾਣਾਂ ਵੱਲੋਂ ਅੰਗਰੇਜ਼ਾਂ ਦੇ ਹਵਾਈ ਜਹਾਜ਼ ਉੱਪਰ ਹਮਲੇ, ਨਹਿਰੂ-ਮਹਾਤਮਾ ਗਾਂਧੀ ਵਰਗੇ ਕੌਮੀ ਨੇਤਾਵਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹਾਦਤ ਤੋਂ ਉਪਜੇ ਰੋਸ ਨੂੰ ਸਖ਼ਤ ਲਹਿਜੇ ਵਿੱਚ ਦਰਜ ਕੀਤਾ ਗਿਆ ਹੈ। ਗਾਂਧੀ-ਇਰਵਿਨ ਸਮਝੌਤੇ ਦੇ ਵਿਰੋਧ 'ਚ ਭਗਤ ਸਿੰਘ ਦੀ ਰਿਹਾਈ ਲਈ 18 ਮਾਰਚ, 1931 ਦੇ ਸਤਿਜੁਗ ਵਿੱਚ ਦਰਜ ਇਹ ਟਿੱਪਣੀ ਧਿਆਨਯੋਗ ਹੈ:- "ਸਾਡੇ ਵਿਚਾਰ ਵਿੱਚ ਤਾਂ ਇੱਕ ਭਾਰਤ ਕੀ ਲੱਖਾਂ ਭਾਰਤ ਸ. ਭਗਤ ਸਿੰਘ ਜੀ ਦੇ ਸਿਰ ਤੋਂ ਕੁਰਬਾਨ ਕਰਕੇ ਵੀ ਜੇ ਆਪ ਨੂੰ ਮੌਤ ਦੇ ਪੰਜੇ ਵਿੱਚੋਂ ਛੁਡਾ ਲਿਆ ਜਾਵੇ, ਤਾਂ ਵੀ ਥੋੜ੍ਹਾ ਹੈ। ਸੁਰਾਜ ਮਿਲੇ ਜਾਂ ਨਾ ਮਿਲੇ, ਬਸ ਸਾਨੂੰ ਭਗਤ ਸਿੰਘ ਜ਼ਰੂਰ ਮਿਲ ਜਾਵੇ। ਫਿਰ ਸੁਰਾਜ ਆਪੇ ਹੀ ਪ੍ਰਾਪਤ ਹੋ ਜਾਵੇਗਾ।"

ਜਿੱਥੇ ਸਤਿਜੁਗ ਨੇ ਕੌਮੀ ਪੱਧਰ ਦੀਆਂ ਘਟਨਾਵਾਂ ਨੂੰ ਨਿਰਪੱਖ ਅਤੇ ਬੇਬਾਕ ਹੋ ਕੇ ਕਲਮਬੰਦ ਕੀਤਾ, ਉੱਥੇ ਇਸ ਨੇ ਕੌਮਾਂਤਰੀ ਪੱਧਰ ਦੀਆਂ ਘਟਨਾਵਾਂ ਅਤੇ ਰਾਜਸੀ ਵਰਤਾਰਿਆਂ ਉੱਪਰ ਵੀ ਬਾਜ਼ ਅੱਖ ਰੱਖੀ। ਤੁਰਕੀ, ਚੀਨ ਅਤੇ ਮਿਸਰ ਦੇ ਕੌਮੀ ਮੁਕਤੀ ਅੰਦੋਲਨਾਂ ਬਾਰੇ 'ਸਤਿਜੁਗ' ਅਤੇ 'ਕੂਕਾ' ਅਖ਼ਬਾਰਾਂ ਵਿੱਚ ਰੀਪੋਰਟਿੰਗ ਹੀ ਨਹੀਂ ਹੋਈ, ਸਗੋਂ ਇਨ੍ਹਾਂ ਦੇ ਹੱਕੀ ਅੰਦੋਲਨਾਂ ਦੇ ਸਮਰਥਨ ਵਿੱਚ ਆਵਾਜ਼ ਬੁਲੰਦ ਹੋਈ ਹੈ। ਸਤਿਜੁਗ ਦੇ 13 ਅਕਤੂਬਰ 1922 ਦੇ ਅੰਕ ਅਤੇ 'ਕੂਕਾ' ਅਖ਼ਬਾਰ ਦੇ 11 ਅਕਤੂਬਰ 1922 ਦੇ ਅੰਕ ਵਿੱਚ ਤੁਰਕਾਂ ਦੇ ਕੌਮੀ ਸੰਗਰਾਮ ਦੀ ਹਮਾਇਤ ਬਾਰੇ ਬਿਆਨ ਛਪੇ ਹਨ। ਚੀਨ ਦੀ ਕੌਮੀ ਆਜ਼ਾਦੀ ਦੇ ਸਮਰਥਨ ਦਾ ਬਿਆਨ ਸਤਿਜੁਗ ਦੇ 2 ਮਈ, 1927 ਦੇ ਅੰਕ ਵਿੱਚ ਅਤੇ ਮਿਸਰ ਦੀਆਂ ਘਟਨਾਵਾਂ ਬਾਰੇ ਰਿਪੋਰਟ 8 ਜੂਨ, 1927 ਦੇ ਅੰਕ ਵਿੱਚ ਦੇਖੀ ਜਾ ਸਕਦੀ ਹੈ। ਅਮਰੀਕੀ ਨਾਗਰਿਕਾਂ ਦੀਆਂ ਸਮਾਜਕ ਜਥੇਬੰਦੀਆਂ ਤੇ 'ਯੂਨਿਟੀ' ਵਰਗੇ ਅਖ਼ਬਾਰਾਂ ਵੱਲੋਂ ਭਾਰਤੀ ਸਵਰਾਜ ਲਹਿਰ ਦੇ ਸਮਰਥਨ ਦੇ ਬਿਆਨ ਸਤਿਜੁਗ ਨੇ 1930 ਦੇ ਇੱਕ ਪਰਚੇ ਵਿੱਚ ਛਾਪੇ ਅਤੇ 1931 ਦੇ ਇੱਕ ਅੰਕ ਵਿੱਚ ਅਮਰੀਕਾ ਦੇ 'ਪੌਲਟੀ' ਅਖ਼ਬਾਰ ਦੇ ਹਵਾਲੇ ਨਾਲ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਅਮਰੀਕਾ ਵਿੱਚ ਬਰਤਾਨਵੀ ਮਾਲ ਦੇ ਬਾਈਕਾਟ ਦੀ ਖ਼ਬਰ ਨਸ਼ਰ ਕੀਤੀ।

ਇਸ ਬਹਰੇਸਗੀਰ ਦੇ ਪਿਛਲੀ ਇੱਕ ਸਦੀ ਦੇ ਧਾਰਮਿਕ, ਸਮਾਜਕ, ਆਰਥਿਕ ਅਤੇ ਰਾਜਸੀ ਪਸਮੰਜ਼ਰ ਉੱਪਰ ਤਰਕ ਸੰਗਤ, ਨਿਰਪੱਖ ਅਤੇ ਬੇਬਾਕ ਤਬਸਰਾ ਸਤਿਜੁਗ ਦੀ ਪੱਤਰਕਾਰੀ ਦੀ ਕਸਬੀ (Professional) ਮੁਹਾਰਤ ਦਾ ਹਾਸਿਲ ਹੈ। ਇਸ ਤੋਂ ਇਲਾਵਾ ਸਤਿਜੁਗ ਨੇ ਭਾਰਤੀ ਸ਼ਾਸਤਰੀ ਸੰਗੀਤ, ਸਿੱਖਿਆ, ਖੇਡਾਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਇਤਿਹਾਸਕ ਭੂਮਿਕਾ ਨਿਭਾਈ ਹੈ। ਸਤਿਜੁਗ ਨੇ 1930 ਈ. ਤੋਂ ਸੁਚਿੱਤਰ ਬਸੰਤ ਅੰਕ ਛਾਪਣ ਦੀ ਪ੍ਰਥਾ ਤੋਰੀ। ਮੁਸੱਵਰ ਵਰਿਆਮ ਸਿੰਘ ਦੇ ਚਿੱਤਰਾਂ ਨਾਲ ਸ਼ਿੰਗਾਰੇ ਬਸੰਤ ਅੰਕਾਂ ਵਿੱਚ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਬਾਰੇ ਨਾਯਾਬ ਸਮੱਗਰੀ ਸਾਂਭੀ ਹੋਈ ਮਿਲਦੀ ਹੈ। ਬਸੰਤ ਅੰਕਾਂ ਤੋਂ ਇਲਾਵਾ ਸਤਿਜੁਗ ਨੇ ਸਮੇਂ-ਸਮੇਂ ਵਿਸ਼ੇਸ਼ ਅੰਕ ਛਾਪੇ। ਜਿਵੇਂ ਅਫ਼ਰੀਕਾ ਅੰਕ, ਸ਼ਿਆਮ ਅੰਕ, ਇਸਤ੍ਰੀ ਅੰਕ, ਗੁਰੂ ਨਾਨਕ ਪ੍ਰਕਾਸ਼ ਅੰਕ, ਗੁਰੂ ਤੇਗ਼ ਬਹਾਦਰ ਸ਼ਹੀਦੀ ਅੰਕ, ਦਸਮੇਸ਼ ਅੰਕ, ਸ਼ਾਕਾਹਾਰੀ ਅੰਕ, ਯੁਵਕ ਅੰਕ, ਸਤਿਗੁਰੂ ਰਾਮ ਸਿੰਘ ਪ੍ਰਦੇਸ ਗਮਨ ਅੰਕ, ਸਿਮਰਤੀ ਅੰਕ, ਮਿੱਠੀ ਯਾਦ ਅੰਕ, ਸਤਿਗੁਰੂ ਪ੍ਰਤਾਪ ਸਿੰਘ ਅੰਕ (ਦੋ ਭਾਗ), ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਕਾਸ਼ ਸ਼ਤਾਬਦੀ ਅੰਕ, ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ ਅਤੇ ਸਤਿਜੁਗ ਸ਼ਤਾਬਦੀ ਅੰਕ ਆਦਿ। ਸੰਖੇਪ ਵਿੱਚ ਸਤਿਜੁਗ ਨੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਭਾਰਤ ਦੇ ਮੁਕਤੀ ਸੰਘਰਸ਼ ਵਿੱਚ ਝੰਡਾਬਰਦਾਰ ਵਾਲੀ ਭੂਮਿਕਾ ਨਿਭਾਈ ਹੈ ਅਤੇ ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਪੰਜਾਬ ਦੇ ਨਵ-ਨਿਰਮਾਣ ਲਈ ਸੱਭਿਆਚਾਰਕ ਮੁਹਾਜ਼ ਉੱਤੇ ਸਜਗ ਪਹਿਰੂਏ ਤੇ ਰਾਹ-ਦਸੇਰੇ ਵਾਲੇ ਫ਼ਰਜ਼ ਅਦਾ ਕੀਤੇ ਹਨ।

..........................................................

# ਭੱਟ ਵਹੀਆਂ ਵਿੱਚ ਬੰਦਾ ਸਿੰਘ ਬਹਾਦਰ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

94177-69103

**ਬੰ**ਦਾ ਸਿੰਘ ਬਹਾਦਰ ਖ਼ਾਲਸਾ ਰਾਜ ਦਾ ਪਹਿਲਾ ਸਿਪਾਹ ਸਲਾਰ ਸੀ। ਜਿਸ ਨੇ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਦੇ ਚਿਤਵੇ ਸੁਪਨੇ ਨੂੰ ਫਲੀਭੂਤ ਕੀਤਾ ਸੀ ਅਤੇ ਫਿਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਸਦਕਾ ਵਿਸ਼ਾਲ ਮੁਗਲ ਸਲਤਨਤ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। ਉਨ੍ਹਾਂ ਨੇ ਨਾਂਦੇੜ ਦੀ ਪਵਿੱਤਰ ਧਰਤੀ ’ਤੇ ਗੁਰੂ ਜੀ ਤੋਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ, ਫਿਰ ਪੰਜਾਬ ਆ ਕੇ ਉਸ ਨੇ ਸਿੱਖ ਜਗਤ ਦੇ ਦੋਖੀਆਂ ਨੂੰ ਸੋਧਿਆ ਅਤੇ ਗੁਰੂ ਮਾਰੀ ਸਰਹਿੰਦ ਦਾ ਹੁਲੀਆ ਵਿਗਾੜ ਦਿੱਤਾ ਅਤੇ ਸੂਬੇਦਾਰ ਵਜ਼ੀਰ ਖਾਨ ਨੂੰ ਉਸ ਦੀ ਕਰਨੀ ਦਾ ਮਜ਼ਾ ਚਖਾ ਦਿੱਤਾ ਸੀ।

ਭੱਟ ਵਹੀਆਂ ਸਿੱਖ ਇਤਿਹਾਸ ਦਾ ਅਹਿਮ ਸਰੋਤ ਹਨ, ਜੋ ਕਈ ਇਤਿਹਾਸਕ ਤੱਥ ਅਤੇ ਗੁੰਝਲਾਂ ਬਾਰੇ ਨਵੀਂ ਜਾਣਕਾਰੀ ਦਿੰਦੀਆਂ ਹਨ। ਕੁਝ ਸਾਲ ਪਹਿਲਾਂ ਪਹਿਲੀ ਵਾਰ ਸਵਰਗਵਾਸੀ ਗਿਆਨੀ ਗੁਰਦਿੱਤ ਸਿੰਘ ਜੀ ਸੰਪਾਦਕ 'ਸਿੰਘ ਸਭਾ ਪੱਤ੍ਰਿਕਾ' ਨੇ ਲਿਖਿਆ ਸੀ।[1]

“ਪੰਜਾਬ ਦੇ ਭੱਟਾਂ ਬਾਰੇ ਹੁਣੇ-ਹੁਣੇ ਪ੍ਰਾਪਤ ਹੋਈ ਜਾਣਕਾਰੀ ਸਾਡੀ ਅਖੌਤੀ ਵਿਦਵਤਾ ਦਾ ਪੋਲ ਖੋਲ੍ਹ ਕੇ ਰੱਖ ਦੇਂਦੀ ਹੈ ਕਿ ਅਸੀਂ ਆਪਣੇ ਆਸ-ਪਾਸ ਪਈ ਸਮੱਗਰੀ ਤੋਂ ਕਿੰਨੇ ਬੇਖ਼ਬਰ ਅਤੇ ਬੇਪ੍ਰਵਾਹ ਹੋ ਕੇ ਟੁਰੇ ਜਾ ਰਹੇ ਹਾਂ। ਸਾਡੇ ਇਤਿਹਾਸ ਤੇ ਸਾਹਿਤ ਦਾ ਜਿਤਨਾ ਕੀਮਤੀ ਮਸਾਲਾ ਅਣ-ਛੋਹਿਆ ਪਿਆ ਹੈ, ਉਸ ਦੀ ਪ੍ਰਾਪਤੀ ਬਿਨਾਂ ਕਾਇਮ ਕੀਤੇ ਸਿਧਾਂਤ ਅਤੇ ਉਨ੍ਹਾਂ ’ਤੇ ਨਿਰਭਰ ਬਹਿਸਾਂ ਉੱਤੇ ਪੁਸਤਕ ਦੀ ਰਚਨਾ ਬਿਨਾਂ ਨੀਂਹ ਤੇ ਰੇਤ ਦੀਆਂ ਕੰਧਾਂ ਉਸਾਰਣ ਦੇ ਤੁਲ ਹੈ।”

“ਭੱਟ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ- ਉਸਤਿਤ ਪੜ੍ਹਨ ਵਾਲਾ ਕਵਿ ਅਥਵਾ ਰਾਜ ਦਰਬਾਰ ਵਿੱਚ ਰਾਜਾ ਅਤੇ ਯੋਧਿਆਂ ਦਾ ਯਸ਼ ਕਰਨ ਵਾਲਾ।”[2]

ਭੱਟ ਲੋਕ ਆਪਣੇ ਜਜਮਾਨਾਂ ਦੀ ਉਸਤਤਿ ਕਰਿਆ ਕਰਦੇ ਸਨ, ਉਹ ਰਾਜ ਦਰਬਾਰਾਂ ਵਿੱਚ ਜਾਂਦੇ ਅਤੇ ਰਾਜਿਆਂ ਮਹਾਂਰਾਜਿਆਂ ਦੀ ਉਸਤਤਿ ਕਰਕੇ ਆਪਣੀ ਰੋਟੀ ਰੋਜ਼ੀ ਕਮਾਉਂਦੇ ਸਨ। ਉਹ ਆਪਣੇ ਕੋਲ ਵਹੀਆਂ ਰੱਖਦੇ ਸਨ, ਜਿਨ੍ਹਾਂ ਵਿੱਚੋਂ ਉਹ ਸਮਕਾਲੀ ਵਾਪਰੀ ਹੋਈ ਘਟਨਾ ਨੂੰ ਪੂਰਨ ਇਤਿਹਾਸਕ ਵੇਰਵੇ ਸਹਿਤ ਲਿਖਿਆ ਕਰਦੇ ਸਨ। ਉਹ ਟੋਲੀਆਂ ਵਿੱਚ ਆਪਣੇ ਜਜਮਾਨਾਂ ਕੋਲ ਜਾਇਆ ਕਰਦੇ ਸਨ। ਉਨ੍ਹਾਂ ਨੇ ਆਪਣੇ ਹਿਸਾਬ ਅਨੁਸਾਰ ਇਲਾਕਿਆਂ ਦੀ ਵੰਡ ਕੀਤੀ ਹੁੰਦੀ ਸੀ। ਉਹ ਆਪਣੇ ਜਜਮਾਨਾਂ ਦੇ ਕੁਰਸੀਨਾਮੇ ਪੜ੍ਹਕੇ ਜਾਂ ਸੁਣਾ ਕੇ ਆਪਣੇ ਜਜਮਾਨਾਂ ਨੂੰ ਖ਼ੁਸ਼ ਕਰਿਆ ਕਰਦੇ ਸਨ।

ਭੱਟਾਂ ਵਿੱਚੋਂ ਭੱਟ ਭਿੱਖਾ ਜੀ ਪਹਿਲੀ ਵਾਰ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਨ ਸ਼ਰਨ ਵਿੱਚ ਆਏ ਅਤੇ ਫਿਰ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਕੇ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਤੋਂ ਬਾਅਦ ਹੋਰ ਵੀ ਭੱਟ ਗੁਰੂ ਦਰਬਾਰ ਵਿੱਚ ਆਏ ਅਤੇ ਸਿੱਖ ਬਣ ਗਏ। ਭੱਟ ਭਿੱਖਾ ਜੀ ਤੋਂ ਬਾਅਦ ਕਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ, ਨਲ੍ਹ, ਗਯੰਦ, ਮਥੁਰਾ, ਬਲ੍ਹ ਅਤੇ ਹਰਿਬੰਸ ਜੀ ਸਮੇਂ-ਸਮੇਂ ਗੁਰੂ ਦਰਬਾਰ ਵਿੱਚ ਆਏ। ਉਨ੍ਹਾਂ ਨੇ ਗੁਰੂ ਉਪਮਾ ਵਿੱਚ ਜੋ ਬਾਣੀ ਰਚੀ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ।

ਉਹ ਭੱਟ ਇਕਲੇ-ਦੁਕਲੇ ਨਹੀਂ, ਸਗੋਂ ਟੋਲੀਆਂ ਦੇ ਰੂਪ ਵਿੱਚ ਆਪਣੇ ਅਪਣਾਏ ਇਲਾਕਿਆਂ ਵਿੱਚ ਜਾਇਆ ਕਰਦੇ ਸਨ ਅਤੇ ਉਨ੍ਹਾਂ ਇਲਾਕਿਆਂ ਦੇ ਆਧਾਰ ਤੇ ਵਹੀਆਂ ਤਿਆਰ ਕਰਦੇ ਸਨ ਅਤੇ ਫੇਰ ਉਨ੍ਹਾਂ ਵਹੀਆਂ ਦੇ ਨਾਮ ਰੱਖੇ ਹੋਏ ਸਨ ਜਿਵੇਂ ਕਿ ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਵਹੀ ਤਲਉਢਾ, ਭੱਟ ਵਹੀ ਕਰਸਿੰਧੂ, ਭੱਟ ਵਹੀ ਭਾਦਸੋਂ, ਭੱਟ ਵਹੀ ਪੂਰਬੀ ਦੱਖਣੀ ਅਤੇ ਭੱਟ ਵਹੀ ਜਾਦੋ ਬੰਸੀਆਂ ਆਦਿਕ ਸਨ। ਇਹ ਭੱਟ ਵਹੀਆਂ “ਭੱਟ ਅੱਛਰੀ” ਭਾਸ਼ਾ ਵਿੱਚ ਲਿਖੀਆਂ ਜਾਂਦੀਆਂ ਸਨ ਜੋ ਆਪ ਹੀ ਪੜ੍ਹ ਸਕਦੇ ਸਨ। ਅਠਾਰ੍ਹਵੀਂ ਸਦੀ ਵਿੱਚ ਭੱਟ ਛੱਜੂ ਸਿੰਘ ਜੀ ਨੇ ਉਨ੍ਹਾਂ ਨੂੰ ਪੰਜਾਬੀ ਰੂਪ ਦਿੱਤਾ ਸੀ। ਅਣਥੱਕ ਖੋਜੀ ਗਿਆਨੀ ਗਰਜਾ ਸਿੰਘ ਨੇ ਪਹਿਲੀ ਵਾਰ ਉਸ ਇਤਿਹਾਸਕ ਮਸਾਲੇ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਅਤੇ ਭੱਟ ਅੱਛਰੀ ਭਾਸ਼ਾ ਦਾ ਗਿਆਨ ਹਾਸਲ ਕੀਤਾ ਅਤੇ ਫਿਰ ਸਰੂਪ ਸਿੰਘ ਕੌਸ਼ਿਕ ਦੀ ਰਚਨਾ “ਗੁਰੂ ਕੀਆਂ ਸਾਖੀਆਂ” (ਰਚਨ ਕਾਲ 1790 ਈ.) ਨੂੰ ਪਾਠਕਾਂ ਸਾਹਮਣੇ ਲਿਆਂਦਾ ਸੀ। ਗਿਆਨੀ ਗਰਜਾ ਸਿੰਘ ਜੀ ਨੇ ਪ੍ਰੋਫ਼ੈਸਰ ਪਿਆਰਾ ਸਿੰਘ ਪਦਮ

ਨਾਲ ਮਿਲਕੇ ਉਸ ਪੁਸਤਕ ਨੂੰ 1986 ਈ. ਵਿੱਚ ਪਹਿਲੀ ਵਾਰ ਪ੍ਰਕਾਸ਼ਤ ਕੀਤਾ ਸੀ। ਉਸ ਪੁਸਤਕ ਦੀ ਭੂਮਿਕਾ ਵਿਚ ਵਿਦਵਾਨ ਸੰਪਾਦਕਾਂ ਨੇ ਪਹਿਲੀ ਵਾਰ ਭੱਟ ਵਹੀਆਂ ਵਿੱਚੋਂ ਗੁਰੂ ਸਾਹਿਬਾਨ ਅਤੇ ਸ਼ਹੀਦ ਸਿੰਘਾਂ ਬਾਰੇ ਆਏ ਵੇਰਵਿਆਂ ਨੂੰ ਪ੍ਰਕਾਸ਼ਤ ਕੀਤਾ ਸੀ। ਉਪਰੰਤ 2010 ਈ. ਵਿੱਚ ਡਾ. ਗੁਰਮੁਖ ਸਿੰਘ ਨੇ "ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ" ਪੁਸਤਕ ਸੰਪਾਦਨਾ ਕਰਕੇ ਗਿਆਨੀ ਗਰਜਾ ਸਿੰਘ ਦੀ ਰਚਨਾਵਲੀ ਅਤੇ ਭੱਟ ਵਹੀਆਂ ਵਿਚ ਅੰਕਿਤ ਵੇਰਵਿਆਂ ਨੂੰ ਹਮੇਸ਼ਾਂ ਲਈ ਸੰਭਾਲ ਲਿਆ। ਇਹ ਦੋਵੇਂ ਪੁਸਤਕਾਂ ਸਿੰਘ ਬ੍ਰਦਰਜ ਬਾਜ਼ਾਰ ਮਾਈ ਸੇਵਾ, ਸ੍ਰੀ ਅੰਮ੍ਰਿਤਸਰ ਵਾਲਿਆਂ ਨੇ ਪ੍ਰਕਾਸ਼ਿਤ ਕੀਤੀਆਂ ਹਨ। ਮੈਂ ਉਨ੍ਹਾਂ ਪੁਸਤਕਾਂ ਵਿੱਚੋਂ ਬੰਦਾ ਸਿੰਘ ਬਹਾਦਰ ਜੀ ਬਾਰੇ ਭੱਟ ਵਹੀਆਂ ਦੇ ਵੇਰਵੇ ਦੇ ਰਿਹਾ ਹਾਂ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਹੀ ਭਲੀ ਭਾਂਤ ਬਾਬਾ ਬੰਦਾ ਜੀ ਨੂੰ ਜਾਣਦੇ ਸਨ ਅਤੇ ਉਹ ਬਾਬਾ ਜੀ ਨੂੰ ਆਪਣਾ ਸਿੱਖ ਸੇਵਕ ਬਣਾ ਕੇ ਦੁਸ਼ਟਾਂ ਨੂੰ ਸੋਧਣ ਤੇ ਜ਼ੁਲਮ ਨੂੰ ਖ਼ਤਮ ਕਰਨ ਲਈ ਪੰਜਾਬ ਭੇਜਣਾ ਚਾਹੁੰਦੇ ਸਨ। ਇਸ ਲਈ ਗੁਰੂ ਜੀ ਵਹੀਆਂ ਅਨੁਸਾਰ ਸੰਮਤ 1765 ਵਿੱਚ ਤੀਜ ਦੇ ਦਿਨ ਸੂਰਜ ਗ੍ਰਹਿਣ ਸਮੇਂ ਅਬਚਲ ਨਗਰ ਨਾਂਦੇੜ ਦੀ ਧਰਤੀ ਤੇ ਬੰਦਾ ਬਹਾਦਰ ਜੀ ਦੇ ਆਸ਼ਰਮ ਵਿੱਚ ਪਹੁੰਚੇ ਸਨ। ਇਸ ਬਾਰੇ ਭੱਟ ਵਹੀ ਵਿੱਚ ਉਸ ਇਤਿਹਾਸਕ ਘਟਨਾ ਬਾਰੇ ਇਸ ਪ੍ਰਕਾਰ ਲਿਖਿਆ ਹੈ- [3]

"ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ...... ਸਾਲ ਸਤਰ੍ਹਾਂ ਸੌ ਪੈਂਸਠ ਕਾਰਤਿਕ ਪ੍ਰਵਿਸ਼ਟੇ ਤੀਜ ਸ਼ੁੱਕਰਵਾਰ ਕੇ ਦਿਹੁ ਨਦੇੜ ਗਾਉਂ ਮੇਂ ਸੂਰਜ ਗ੍ਰਹਿਨ ਮੇਲੇ ਤੇ ਗੋਦਾਵਰੀ ਨਦੀ ਕੇ ਤੀਰ- ਜਾਨਕੀ ਪ੍ਰਸ਼ਾਦਿ ਕੇ ਚੇਲੇ ਮਾਧੋਦਾਸ ਕੇ ਡੇਰੇ ਮੇਂ ਆਇ ਗਏ। ਮਾਧੋਦਾਸ ਬੈਰਾਗੀ ਡੇਰੇ ਮੇਂ ਹਾਜ਼ਰ ਨਾ ਥਾ- ਗੁਰੂ ਜੀ ਨੇ ਉਸ ਕੇ ਪਲੰਘ ਤੇ ਆਸਨ ਲਗਾ ਲੀਆ। ਤੀਜੇ ਪਹਿਰ ਭਾਈ ਦੇਆ ਸਿੰਘ ਆਦਿ ਸਿੱਖਾਂ ਗੁਰੂ ਜੀ ਕਾ ਬਚਨ ਪਾਇ...... ਲੰਗਰ ਤਿਆਰ ਕੀਆ।

ਮਾਧੋਦਾਸ ਚੇਲੋਂ ਸੇ ਡੇਰੇ ਕੀ ਸਾਰੀ ਬਾਰਤਾ ਸੁਨ ਆਗ ਭਗੋਲਾ ਹੋਇ ਡੇਰੇ ਮੇਂ ਆਇਆ। ਇਸੇ ਜਗ੍ਹਾ ਅਭਿਆਸ ਕੇ ਬਲ ਸੇ ਪਲੰਘ ਉਠਵਾਨਾ ਚਾਹਾ- ਪਲੰਘ ਸਮੇਰ ਪ੍ਰਬਤ ਕੀ ਤਰ੍ਹਾਂ ਅਚੱਲ ਹੋਇ ਗਿਆ। ਆਖਰ ਮਾਧੋਦਾਸ ਨੇ ਗੁਰੂ ਜੀ ਕੇ ਪਾਉ ਪਕੜ ਬਿਬ ਆਇ ਕਿ ਬੋਲਾ, ਮੁਝੇ ਰਾਖ ਲੇਨਾ ਮੈਂ ਆਪ ਕੇ ਦਰ ਕਾ ਬੰਦਾ ਹਾਂ। ਸਤਿਗੁਰਾਂ ਇਸੇ ਬਾਜੂ ਸੇ ਪਕੜ ਆਪਣੇ ਸੀਨੇ ਨਾਲ ਲਾਇਆ। ਇਸੇ ਗੈਲ ਲੈ ਗੈਲ ਆਪਨੇ ਡੇਰੇ ਮੇਂ ਆਇ ਗਏ। ਅਗਲੇ ਦਿਵਸ ਇਸ ਕੇ ਅਰ ਜੋਈ ਪਾਨ ਖਾਨਡੇ ਕੀ ਪਾਹੁਲ ਦੇ ਕੇ ਖਾਲਸਾ ਬਨਾ ਦੀਆ।"

ਇਕ ਹੋਰ ਵਹੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰੂ ਜੀ ਵੱਲੋਂ ਪਾਹੁਲ ਦੇਣ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ-[4]

"ਗੁਰੂ ਗੋਬਿੰਦ ਸਿੰਘ ਮਹਲਾ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸੰਮਤ ਸਤਰਾਂ ਸੈ ਪੈਂਸਠ ਅਸੁਵ ਦਿਹੁੰ ਚਾਰ ਗਏ, ਗਾਮ ਨਦੇੜ ਦੇਸ ਦਖਣ ਮੇਂ ਗੁਰੂ ਜੀ ਨੇ ਦੇਆ ਸਿੰਘ ਸੇ ਕਹਾ- ਮਾਧੋਦਾਸ ਸ਼ਸਤਰ ਬਸਤਰ ਸਜਾਇ ਹਾਥ ਮੇਂ ਨੇਜਾ ਪਕੜ ਗੁਰੂ ਜੀ ਕੇ ਸਾਹਵੇਂ ਆਇ ਖਲਾ ਹੂਆ। ਸਤਿਗੁਰਾਂ ਇਸੇ ਅਪਨੇ ਦਸਤਿ ਮੁਬਾਰਕ ਸੇ ਪਾਹੁਲ ਦੀ, ਬੰਦਾ ਸਿੰਘ ਨਾਉ ਰਾਖਾ। ਇਸੇ ਰਹਿਤ ਬਹਿਤ ਬਤਾਈ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਮੁਬਾਰਕ ਹੱਥਾਂ ਨਾਲ ਬੰਦਾ ਸਿੰਘ ਜੀ ਨੂੰ ਪਾਹੁਲ ਬਖਸ਼ੀ ਸੀ ਅਤੇ ਉਨ੍ਹਾਂ ਦੇ ਸੰਗ ਪੰਜ ਹੋਰ ਸਿੰਘ- ਭਗਵੰਤ ਸਿੰਘ, ਕੁਇਰ ਸਿੰਘ, ਬਾਜ ਸਿੰਘ, ਬਿਨੋਦ ਸਿੰਘ ਤੇ ਕਾਹਨ ਸਿੰਘ, ਸਿੰਘਾਂ ਨੂੰ ਤੋਰਿਆ ਅਤੇ ਪੰਥ ਦਾ ਜਥੇਦਾਰ ਬਾਬਾ ਬੰਦਾ ਸਿੰਘ ਜੀ ਨੂੰ ਥਾਪਿਆ ਸੀ। ਪੰਜਾਬ ਵਿਚ ਕਿਵੇਂ ਮੁਗਲਾਂ ਨੇ ਸਿੱਖਾਂ ਤੇ ਜ਼ੁਲਮ ਕੀਤੇ ਅਤੇ ਕਿਵੇਂ ਜ਼ਾਲਮਾਂ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਢਹਿ ਢੇਰੀ ਕੀਤਾ ਅਤੇ ਕਿਵੇਂ ਸਾਰਾ ਸਰਬੰਸ ਗੁਰੂ ਜੀ ਦਾ, ਜ਼ੁਲਮ ਨੂੰ ਖ਼ਤਮ ਕਰਨ ਲਈ ਸ਼ਹੀਦ ਹੋ ਗਿਆ। ਉਹ ਇਤਿਹਾਸ ਰੌਂਗਟੇ ਖੜ੍ਹੇ ਕਰਨ ਵਾਲਾ ਸੀ। ਜਿਸਨੂੰ ਸਰਵਣ ਕਰਕੇ ਬਾਬਾ ਬੰਦਾ ਸਿੰਘ ਜੀ ਦਾ ਖ਼ੂਨ ਖੌਲ ਉੱਠਿਆ ਅਤੇ ਉਹ ਜ਼ਾਲਮਾਂ ਨੂੰ ਸੋਧਣ ਲਈ ਪੂਰੀ ਤਰ੍ਹਾਂ ਤਿਆਰ ਹੋ ਗਏ। ਗੁਰੂ ਜੀ ਦਾ ਹੁਕਮ ਪ੍ਰਾਪਤ ਕਰਕੇ ਵਣਜਾਰਿਆਂ ਦੇ ਟਾਂਡੇ ਵਿੱਚ ਸ਼ਾਮਲ ਹੋਕੇ ਉਹ ਪੰਜਾਬ ਵੱਲ ਆਏ ਅਤੇ ਪ੍ਰਮੁਖ ਸਿੱਖਾਂ ਨੂੰ ਹੁਕਮਨਾਮੇ ਲਿਖਕੇ ਦੁਸ਼ਟਾਂ ਨੂੰ ਸੋਧਣ ਖਾਤਰ ਉਨ੍ਹਾਂ ਦਾ ਸਾਥ ਦੇਣ ਲਈ ਆਖਿਆ। ਬਾਬਾ ਬੰਦਾ ਸਿੰਘ ਜੀ ਦੇ ਹੁਕਮਨਾਮੇ ਪੜ੍ਹਕੇ ਸਿੱਖ ਜਗਤ ਸ਼ਸਤਰਧਾਰੀ ਹੋਕੇ ਬੰਦਾ ਸਿੰਘ ਨੂੰ ਆ ਮਿਲਿਆ। ਇਸਦੀ ਗਵਾਹੀ ਭੱਟ ਵਹੀਆਂ ਵਿੱਚ ਇਸ ਪ੍ਰਕਾਰ ਦਰਜ ਹੈ- [5]

"ਭਗਵੰਤ ਸਿੰਘ ਨੱਠਿਆ ਕਾ, ਕਉਰ ਸਿੰਘ ਨਠੀਆ ਕਾ, ਬਾਜ ਸਿੰਘ ਨਠੀਆ ਕਾ ਪੋਤੇ ਬੱਲੂ ਕੇ ਪੜਪੋਤੇ ਮੂਲੇ ਕੇ ਬੰਸ ਜੱਲੇ ਕਾ...... ਬਾਸੀ ਖੇਰਪੁਰ ਪ੍ਰਗਨਾ ਸੀਤਪੁਰ ਬੰਗੇਸਰੀ।

ਬਨੋਦ ਸਿੰਘ ਗੋਬਿੰਦ ਰਾਮ ਕਾ, ਕਾਹਨ ਸਿੰਘ ਬਿਨੋਦ ਸਿੰਘ ਕਾ ਪੋਤਾ ਗੋਬਿੰਦ ਰਾਮ ਕਾ ਪੜਪੋਤਾ ਜਗਤ ਮੱਲਾ ਕਾ ਬੰਸ ਗੁਰੂ ਅੰਗਦ ਜੀ ਕੀ ਗੁਰੂ ਜੀ ਕਾ ਬਚਨ ਪਾਇ ਸੰਮਤ 1765 ਕਾਰਤਕ ਮਾਸੇ ਸ਼ੁਕਲਾ ਪੱਖੇ ਤੀਜ ਮੰਗਲਵਾਰ ਕੇ ਦਿਹੁ ਪਾਂਚ ਘਟੀ ਦਿਵਸ ਚਢੇ ਬੰਦਾ ਸਿੰਘ ਕੀ ਗੈਲ ਨਾਇਕ ਭਗਵੰਤ ਸਿੰਘ ਕੇ ਟਾਂਡਾ ਮੇਂ ਪਾਂਚ ਸਿੱਖ ਦਖਨ ਦੇਸ- ਨਦੇਰ ਨਗਰੀ ਮੇਂ ਪੰਜਾਬ ਤਰਫ ਆਏ।"

ਇਸ ਪ੍ਰਕਾਰ ਇਕ ਹੋਰ ਵਹੀ ਵਿੱਚ ਵੀ ਉਪਰੋਕਤ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ-[6]

"ਗੁਰੂ ਗੋਬਿੰਦ ਸਿੰਘ ਮਹਲ ਦਸਮਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ- ਨੇ ਸੰਮਤ ਸਤਾਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਤੀਜ ਮੰਗਲਵਾਰ ਕੇ ਦਿਹੰ ਗਾਮ ਨਦੇੜ, ਦੇਸ ਦੱਖਣ ਤੱਟ ਗੋਦਾਵਰੀ ਸੇ ਬੰਦਾ ਸਿੰਘ ਕੋ ਮਦ੍ਰ ਦੇਸ ਜਾਨੇ ਕਾ ਬਚਨ ਹੁਆ। ਗੈਲੋਂ ਬਾਬਾ ਬਿਨੋਦ ਸਿੰਘ, ਕਾਹਨ ਸਿੰਘ, ਭਗਵੰਤ ਸਿੰਘ, ਕੁਇਰ ਸਿੰਘ, ਬਾਜ ਸਿੰਘ ਪਾਂਚ ਸਿੱਖ ਤਿਆਰ ਕੀਏ। ਛੀਏ ਸਿੱਖ ਬਣਜਾਰਾ ਟਾਂਡਾ ਮੇਂ ਪੰਜਾਬ ਆਏ।"

ਪੰਜਾਬ ਵਿੱਚ ਬਾਬਾ ਬੰਦਾ ਸਿੰਘ ਜੀ ਨੇ ਤਰਥੱਲੀ ਮਚਾ ਦਿੱਤੀ। ਗੁਰੂ ਘਰ ਦੇ ਦੋਖੀਆਂ ਨੂੰ ਸੋਧਿਆ ਗਿਆ। ਕੁਝ ਸਮੇਂ ਵਿੱਚ ਹੀ ਸਿੰਘਾਂ ਨੇ ਸਮਾਣਾ, ਕਪੂਰੀ, ਸਢੌਰਾ, ਅੰਬਾਲਾ ਅਤੇ ਜਗਾਧਰੀ ਅਤੇ ਫਿਰ ਗੁਰੂ ਮਾਰੀ ਸਰਹਿੰਦ ਨੂੰ ਸੋਧ ਸੁੱਟਿਆ ਸੀ। ਸਰਹਿੰਦ ਨੂੰ ਸੋਧਣ ਤੋਂ ਬਾਅਦ ਬਾਬਾ ਬੰਦਾ ਬਹਾਦਰ ਜੀ ਨੇ ਖ਼ਾਲਸਾ ਰਾਜ ਦਾ ਐਲਾਨ ਕੀਤਾ। ਉਹ ਖ਼ਾਲਸਾ ਰਾਜ, ਦਸਮ ਪਾਤਸ਼ਾਹ ਜੀ ਦੇ ਸੁਪਨਿਆਂ ਅਨੁਸਾਰ ਸੀ। ਜਿਥੇ ਹਾਲੇਮੀ ਵਾਲਾ ਰਾਜ ਸੀ ਅਤੇ ਸਿੱਕਾ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਜਾਰੀ ਕੀਤਾ ਸੀ। ਫਿਰ ਬੰਦਾ ਬਹਾਦਰ ਜੀ ਨੇ ਵਿਆਹ ਵੀ ਕਰਵਾ ਲਿਆ ਅਤੇ ਉਸਦੇ ਦੋ ਪੁੱਤਰ ਰਣਜੀਤ ਸਿੰਘ ਤੇ ਅਜੈ ਸਿੰਘ ਪੈਦਾ ਹੋਏ। ਅਜੈ ਸਿੰਘ ਆਪਣੇ ਪਿਤਾ, ਬਾਬਾ ਬੰਦਾ ਸਿੰਘ ਜੀ ਨਾਲ ਦਿੱਲੀ ਵਿਖੇ ਸ਼ਹੀਦ ਹੋ ਗਿਆ ਸੀ। ਰਣਜੀਤ ਸਿੰਘ ਦੇ ਅੱਗੋਂ ਦੋ ਪੁੱਤਰ- ਜੁਝਾਰ ਸਿੰਘ ਤੇ ਜ਼ੋਰਾਵਰ ਸਿੰਘ ਹੋਏ। ਜੋਰਾਵਰ ਸਿੰਘ ਦੇ ਪੁੱਤਰ ਅਰਜਨ ਸਿੰਘ, ਅੱਗੋਂ ਅਰਜਨ ਸਿੰਘ ਦਾ ਖੜਕ ਸਿੰਘ, ਖੜਕ ਸਿੰਘ ਦਾ ਦਯਾ ਸਿੰਘ, ਦਯਾ ਸਿੰਘ ਦਾ ਸੁਜਾਨ ਸਿੰਘ, ਸੁਜਾਨ ਸਿੰਘ ਦਾ ਸਰਦੂਲ ਸਿੰਘ ਅਤੇ ਸਰਦੂਲ ਸਿੰਘ ਦਾ ਤੇਜਿੰਦਰ ਪਾਲ ਸਿੰਘ ਜੀ ਹੋਏ ਹਨ। ਬਾਬਾ ਜੀ ਦੇ ਪਰਿਵਾਰ ਬਾਰੇ ਭੱਟਾਂ ਦੀਆਂ ਵਹੀਆਂ ਇਸ ਤਰ੍ਹਾਂ ਗਵਾਹੀ ਦੇਂਦੀਆਂ ਹਨ–[7]

"ਭਾਈ ਫਤਿਹ ਸਿੰਘ ਸੁਚੇਤ ਸਿੰਘ ਬੇਟੇ ਸਾਹਿਬ ਸਿੰਘ, ਜੁਝਾਰ ਸਿੰਘ ਜੀ ਕੇ ਪੋਤੇ ਰਣਜੀਤ ਸਿੰਘ ਕੇ, ਪੜਪੋਤੇ ਸਾਹਿਬ ਬੰਦਾ ਸਾਹਿਬ ਜੀ ਕੇ ਬੰਸ ਗੁਰੂ ਗੋਬਿੰਦ ਸਿੰਘ ਜੀ ਕਾ, ਸੰਮਤ 1880 ਮੇਂ ਪਿਤਾ ਸਾਹਿਬ ਜੁਝਾਰ ਸਿੰਘ ਜੀ ਕੇ ਫੂਲ ਲਿਆਏ ਗੰਗਾ ਜੀ।"


ਇਸ ਤੋਂ ਬਿਨਾਂ ਇਕ ਹੋਰ ਵਹੀ ਵਿੱਚ ਇਸ ਤਰ੍ਹਾਂ ਦਰਜ ਹੈ-[8]

"ਭਾਈ ਫਤਿਹ ਸਿੰਘ ਜੀ ਬੇਟੇ ਸਾਹਿਬ ਜੁਝਾਰ ਸਿੰਘ ਜੀ ਕੇ ਪੋਤੇ ਸਾਹਿਬ ਰਣਜੀਤ ਸਿੰਘ ਜੀ ਕੇ ਪੜਪੋਤੇ ਸਾਹਿਬ ਬੰਦਾ ਸਾਹਿਬ ਜੀ ਕੇ, ਬੰਸ ਗੁਰੂ ਗੋਬਿੰਦ ਸਿੰਘ ਜੀ ਕਾ ਸੰਮਤ 1901 ਮੇਂ ਕੁੰਭ ਕੇ ਇਸਨਾਨ ਪਰ ਆਏ, ਗੰਗਾ ਜੀ, ਸਾਥ ਇਸਤਰੀ ਭਾਗ ਭਰੀ, ਕਿਸ਼ਨ ਦੇਈ, ਨਾਰਾਇਣ ਦੇਈ, ਗੁਲਾਬ ਦੇਈ ਚਾਰੇ ਆਈਆਂ ਟਹਿਲਣਾਂ- ਰਾਮਦੇਈ, ਦੌਰਾ, ਮਲਾਵੀ ਤੇ ਪ੍ਰੇਮੀ ਸਾਥ ਆਈਆਂ।"

ਡਾ. ਗੁਰਮੁਖ ਸਿੰਘ ਜੀ ਨੇ ਪੁਸਤਕ "ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ" ਵਿੱਚ ਬਾਬਾ ਜੀ ਦੀ ਬੰਸਾਵਲੀ ਇਸ ਪ੍ਰਕਾਰ ਅੰਕਿਤ ਕੀਤੀ ਹੈ–

**ਬਾਬਾ ਰਾਮਦੇਵ ਵਾਸੀ ਰਾਜੌਰੀ (ਜੰਮੂ)**

**ਬਾਬਾ ਬੰਦਾ ਸਿੰਘ ਸਾਹਿਬ**



ਪੰਡਾ ਵਹੀਆਂ ਤੇ ਭੱਟ ਵਹੀਆਂ ਸਿੱਖ ਇਤਿਹਾਸ ਦਾ ਭਰੋਸੇ-ਯੋਗ ਸਰੋਤ ਹਨ, ਜਿਨ੍ਹਾਂ ’ਤੇ ਅਜੇ ਸੰਪੂਰਨ ਤੌਰ 'ਤੇ ਖੋਜ ਨਹੀਂ ਹੋ ਸਕੀ। ਗਿਆਨੀ ਗਰਜਾ ਸਿੰਘ (ਸਵਰਗਵਾਸੀ) ਨੇ ਇਸ ਅਣਗੌਲੇ ਸਰੋਤਾਂ ਬਾਰੇ ਖੋਜ ਭਰਪੂਰ ਲੇਖ ਲਿਖੇ ਸਨ ਅਤੇ ਵਿਦਵਾਨਾਂ ਸਾਹਮਣੇ ਉਨ੍ਹਾਂ ਦੁਰਲੱਭ ਖਜ਼ਾਨਿਆਂ ਨੂੰ ਲਿਆਂਦਾ ਸੀ ਅਤੇ ਉਨ੍ਹਾਂ ਬਾਰੇ ਗਿਆਨੀ ਜੀ ਨੇ ਅਨੇਕ ਲੇਖ ਲਿਖੇ ਸਨ ਪ੍ਰੰਤੂ ਦੁਰਭਾਗ ਵੱਸ ਉਹਨਾਂ ਦੇ ਕਾਫ਼ੀ ਲੇਖ ਉਨ੍ਹਾਂ ਦਾ ਘਰ ਢਹਿ ਜਾਣ ਕਾਰਨ ਨਸ਼ਟ ਹੋ ਗਏ ਸਨ। ਗਰੀਬੀ, ਲਿਖਾਰੀਆਂ ਦਾ ਪਿੱਛਾ ਨਹੀਂ ਛੱਡਦੀ ਹੈ। ਗਿਆਨੀ ਗਰਜਾ ਸਿੰਘ ਜੀ ਨੇ ਆਪਣਾ ਜੀਵਨ ਗਰੀਬੀ ਵਿੱਚ ਹੀ ਗੁਜ਼ਾਰਿਆ ਸੀ। ਸਾਈਕਲ ਤੇ ਉਹ ਸਾਰੇ ਭਾਰਤ ਵਿੱਚ ਘੁੰਮੇ ਸਨ ਅਤੇ ਇਹ ਇਤਿਹਾਸਕ ਸਰੋਤ ਇਕੱਤਰ ਕੀਤੇ ਸਨ। ਕੁਦਰਤ ਦੀ ਕਰੋਪੀ ਤੋਂ ਜਿੰਨੇ ਵੀ ਉਨ੍ਹਾਂ ਦੇ ਇਤਿਹਾਸਕ ਲੇਖਾਂ ਦੇ ਪੇਪਰ ਸੁਰੱਖਿਅਤ ਰਹੇ ਹਨ, ਉਨ੍ਹਾਂ ਨੂੰ ਇਕੱਤਰ ਕਰਕੇ ਡਾ. ਗੁਰਮੁਖ ਸਿੰਘ ਪਟਿਆਲਾ ਨੇ “ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ” ਸਿਰਲੇਖ ਹੇਠ ਪੁਸਤਕ ਵਿੱਚ ਪ੍ਰਕਾਸ਼ਿਤ ਕੀਤੇ ਹਨ। ਲੋੜ ਹੈ ਕਿ ਉਸ ਦੁਰਲੱਭ ਖਜ਼ਾਨੇ ਬਾਰੇ ਹੋਰ ਖੋਜ ਕੀਤੀ ਜਾਵੇ।

### ਫੁੱਟ ਨੋਟ ਅਤੇ ਟਿੱਪਣੀਆਂ

1. ਗਿਆਨੀ ਗੁਰਦਿੱਤ ਸਿੰਘ : ਭੱਟ ਅਤੇ ਉਨ੍ਹਾਂ ਦੀ ਰਚਨਾ, ਆਲੋਚਨਾ, ਪ੍ਰਕਾਸ਼ਕ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ 1961
2. ਭਾਈ ਕਾਹਨ ਸਿੰਘ ਨਾਭਾ : ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 904
3. ਭੱਟ ਵਹੀ ਪੂਰਬੀ ਦੱਖਣੀ
4. ਭੱਟ ਵਹੀ ਮੁਲਤਾਨੀ ਸਿੰਧੀ
5. ਭੱਟ ਵਹੀ ਪੂਰਬੀ ਦੱਖਣੀ, ਖਾਤਾ ਬਝਰਾਉਤ, ਬਲਾਉਤੋਂ ਕਾ
6. ਭੱਟ ਵਹੀ ਤਲਉਢਾ, ਪਰਗਣਾ ਜੀਂਦ
7. ਵਹੀ ਸੋਢੀਆਂ, ਹਰਦੁਆਰ
8. ਵਹੀ ਸੋਢੀਆਂ, ਪੰਡਤ ਭਵਾਨੀ ਦਾਸ, ਹਰਦੁਆਰ
9. ਡਾ. ਗੁਰਮੁਖ ਸਿੰਘ : ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 52

.........................................................

## ਬਾਰਡਰ ’ਤੇ ਵਸੇ ਪਿੰਡ ਦਾ ਗੀਤ

**ਡਾ. ਸ਼ਿਆਮ ਸੁੰਦਰ ਦੀਪਤੀ**

**(ਕਿਸਾਨੀ ਸੰਘਰਸ਼ ਨੂੰ ਸਮਰਪਿਤ)**

ਜਿਹੋ ਜਿਹਾ ਪਿੰਡ ਬਾਰਡਰ ਵਸਿਆ,
ਐਸਾ ਹੋਵੇ ਹਰ ਪਾਸੇ।
ਗੱਲਾਂ-ਬਾਤਾਂ ਤੇ ਤਕਰੀਰਾਂ
ਨਾਲੇ ਹੋਵਣ ਹਾਸੇ।

ਕੋਈ ਕਿਸੇ ਦਾ ਮੋਢਾ ਬਣਿਆ,
ਕੋਈ ਕਿਸੇ ਦੀ ਲਾਠੀ,
ਮਿਲਜੁਲ ਖਾਣ ਨੂੰ ਬੈਠ ਗਏ ਜਦ,
ਸਭ ਦੀ ਸਾਂਝੀ ਬਾਟੀ।
ਇਥੋਂ ਦੀਆਂ ਖੁਸ਼ਬੂਆਂ ਦੇ,
ਹਰ ਪਾਸੇ ਹੀ ਹੋਣ ਖੁਲਾਸੇ।
ਜਿਹੋ ਜਿਹਾ ਪਿੰਡ ਬਾਰਡਰ ਵਸਿਆ.....

ਭੁੱਖ ਦੀ ਇਥੇ ਗੱਲ ਨੀਂ ਹੁੰਦੀ,
ਦਰਦ ਵੀ ਚੁੱਪ-ਚੁਪੀਤੇ ਸੌਂਵੇਂ।
ਜਦ ਵੀ ਕੋਈ ਹਾਕ ਮਾਰਦਾ
ਪਿਆਰ ਤਾਂ ਝਟਪਟ ਆਣ ਖਲੋਵੇ।
ਸਾਰੇ ਕਹਿੰਦੇ ਇਸ ਪਿੰਡ ਦੇ ਵਿੱਚ,
ਰੱਬ ਦੇ ਹੋ ਗਏ ਵਾਸੇ।
ਜਿਹੋ ਜਿਹਾ ਪਿੰਡ ਬਾਰਡਰ ਵਸਿਆ.....

ਜਿਧਰੇ ਦੇਖੋ ਨਿੱਖ ਪਸਰੀ ਹੈ,
ਨਾਮ ਨਾ ਕੋਈ ਗਮ ਦਾ।
ਦਿਲ ਮਿਲਾਉਣ, ਹੱਥ ਵੰਡਾਉਣ,
ਹਰ ਕੋਈ ਸਾਥੀ ਬਣਦਾ।
ਜਿੱਤਾਂਗੇ ਬਈ ਜਿੱਤਾਂਗੇ,
ਇਕ-ਦੂਜੇ ਨੂੰ ਦੇਣ ਦਿਲਾਸੇ।
ਜਿਹੋ ਜਿਹਾ ਪਿੰਡ ਬਾਰਡਰ ਵਸਿਆ.....

.........................................................

# ਖਾਲਸੇ ਦੀ ਵਿਲੱਖਣ ਪਹਿਚਾਨ ਦਾ ਪ੍ਰਤੀਕ ਅਤੇ ਵਿਰਸੇ ਦਾ ਸੁਰੱਖਿਅਕ : ਖਾਲਸਾ ਕਾਲਜ, ਅੰਮ੍ਰਿਤਸਰ

ਹਰਪਾਲ ਸਿੰਘ ਸੇਵਕ
94176-01321

**23 ਅਪ੍ਰੈਲ 2021**

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਜਿੱਥੇ ਸਿੱਖ ਇਤਹਾਸ ਦੀ ਆਨ-ਸ਼ਾਨ ਦੀ ਪ੍ਰਤੀਕ ਹੈ। ਇਸੇ ਨਗਰੀ ਵਿੱਚ ਹੀ ਸਿੱਖ ਆਸਥਾ ਦਾ ਕੇਂਦਰ ਪ੍ਰਮੁੱਖ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਹੈ, ਉੱਥੇ ਨਿਵੇਕਲੀ ਖ਼ਾਲਸਾਈ ਪਹਿਚਾਣ ਦਾ ਪ੍ਰਤੀਕ ਖ਼ਾਲਸਾ ਕਾਲਜ ਵੀ ਸ੍ਰੀ ਅੰਮ੍ਰਿਤਸਰ ਦੇ ਸ਼ਿੰਗਾਰ ਦਾ ਇੱਕ ਮਹੱਤਵਪੂਰਨ ਭਾਗ ਹੈ।

ਪਿਛਲੇ ਦਿਨੀਂ (ਮਾਰਚ 2021) ਨੂੰ ਖ਼ਾਲਸਾ ਕਾਲਜ ਵਿਖੇ ਇਕ ਵਿਸ਼ਾਲ ਪੁਸਤਕ ਮੇਲਾ ਆਯੋਜਿਤ ਕੀਤਾ ਗਿਆ। ਇਸ ਪੁਸਤਕ ਮੇਲੇ ਵਿੱਚ ਸ੍ਰੀ ਭੈਣੀ ਸਾਹਿਬ ਤੋਂ ਕੁਝ ਨੌਜਵਾਨ ਭਜਨ ਸਿੰਘ, ਗੁਰਲਾਲ ਸਿੰਘ, ਤਰਨ ਸਿੰਘ ਆਦਿ ਉਚੇਚੇ ਤੌਰ ’ਤੇ ਪੁੱਜੇ। ਇਸੇ ਪੁਸਤਕ ਮੇਲੇ ਦੀ ਪ੍ਰੇਰਨਾ ਨਾਲ ਹੀ ਸ੍ਰੀ ਭੈਣੀ ਸਾਹਿਬ ਹੋਲੇ-ਮਹੱਲੇ ਦੌਰਾਨ 30-31 ਮਾਰਚ ਅਤੇ 1 ਅਪ੍ਰੈਲ 2021 ਨੂੰ ਵਿਸ਼ਾਲ ਪੁਸਤਕ ਮੇਲਾ ਆਯੋਜਿਤ ਕੀਤਾ ਗਿਆ। ਭਜਨ ਸਿੰਘ ਅਤੇ ਗੁਰਲਾਲ ਸਿੰਘ ਹੋਰਾਂ ਤੋਂ ਖ਼ਾਲਸਾ ਕਾਲਜ ਦੀ ਵਿਸ਼ਾਲ ਲਾਇਬਰੇਰੀ ਅਤੇ ਸਿੱਖ ਹਿਸਟਰੀ ਰਿਸਰਚ ਸੈਂਟਰ ਦੀ ਸ਼ੋਭਾ ਸੁਣ ਕੇ ਇਸ ਨਿਵੇਕਲੇ ਵਿੱਦਿਅਕ ਅਦਾਰੇ ਦੀ ਯਾਤਰਾ ਕਰਨ ਦੀ ਤੀਬਰ ਇੱਛਾ ਹੋਈ। ਵਿਸ਼ੇਸ਼ ਕਰਕੇ ਜਦੋਂ ਅਸੀਂ ਨਾਮਧਾਰੀ ਪੰਥ ਦੇ ਬੁਲਾਰੇ 'ਸਪਤਾਹਿਕ ਸਤਿਜੁਗ' ਦਾ ਸ਼ਤਾਬਦੀ ਅੰਕ ਤਿਆਰ ਕਰ ਰਹੇ ਸਾਂ, ਪਤਾ ਲੱਗਿਆ ਕਿ ਖ਼ਾਲਸਾ ਕਾਲਜ ਦੇ ਪੁਰਾਤਨ ਸੰਗ੍ਰਹਿ ਵਿਚ ‘ਸਤਿਜੁਗ’ ਅਤੇ ਰੋਜ਼ਾਨਾ ‘ਕੂਕਾ’ ਅਖ਼ਬਾਰ ਦੇ ਪਰਚਿਆਂ ਦੀਆਂ 1920-21-22 ਅਤੇ 1938-39 ਈ. ਆਦਿ ਕਈ ਵਰ੍ਹਿਆਂ ਦੀਆਂ ਫਾਈਲਾਂ ਉਪਲੱਬਧ ਹਨ। ਜਿਨ੍ਹਾਂ 'ਚੋਂ ਕਈ ਫਾਈਲਾਂ ਸਾਡੇ ਪਾਸ ਨਹੀਂ ਹਨ। ਇਸ ਲਈ ਲਾਇਬ੍ਰੇਰੀ ਵਿਜ਼ਿਟ ਕਰਨੀ ਸਾਡੀ ਜ਼ਰੂਰਤ ਵੀ ਸੀ। ਇਸ ਉਦੇਸ਼ ਨਾਲ ਪ੍ਰੋਫ਼ੈਸਰ ਹਰਮਹਿੰਦਰ ਸਿੰਘ ਜੀ ਬੇਦੀ (ਚਾਂਸਲਰ ਸੈਂਟਰਲ ਯੂਨੀਵਰਸਿਟੀ, ਹਿਮਾਚਲ) ਰਾਹੀਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਨਾਲ ਸੰਪਰਕ ਕਰਕੇ ਅਸੀਂ ਮੈਂ (ਹਰਪਾਲ ਸਿੰਘ ਸੇਵਕ), ਭਜਨ ਸਿੰਘ ਅਤੇ ਗੁਰਲਾਲ ਸਿੰਘ 23 ਅਪ੍ਰੈਲ ਨੂੰ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਅੰਮ੍ਰਿਤਸਰ ਵਾਸਤੇ ਰਵਾਨਾ ਹੋਏ।

ਸ੍ਰੀ ਅੰਮ੍ਰਿਤਸਰ ਪੁੱਜ ਕੇ ਡਾ. ਹਰਮਹਿੰਦਰ ਸਿੰਘ ਜੀ ਬੇਦੀ ਨੂੰ ਨਾਲ ਲੈ ਕੇ ਖ਼ਾਲਸਾ ਕਾਲਜ ਗਏ। ਪ੍ਰਵੇਸ਼ ਦੁਆਰ ’ਤੇ ਸੁਰੱਖਿਆ ਕਰਮਚਾਰੀਆਂ ਨੂੰ ਜਾਣਕਾਰੀ ਨੋਟ ਕਰਵਾ ਕੇ ਖ਼ਾਲਸਾ ਕਾਲਜ ਦੇ ਆਂਗਣ ਵਿਚ ਪ੍ਰਵੇਸ਼ ਕੀਤਾ। ਬੇਸ਼ੱਕ ਮੁੱਖ ਮਾਰਗ ਤੋਂ ਲੰਘਦਿਆਂ ਖ਼ਾਲਸਾ ਕਾਲਜ ਦੀ ਅਦਭੁੱਤ ਇਮਾਰਤ ਹਰ ਕਿਸੇ ਦਾ ਧਿਆਨ ਖਿੱਚਦੀ ਹੈ। ਪਰ ਇਸ ਗੌਰਵਮਈ ਵਿਰਸੇ ਨੂੰ ਸੰਭਾਲੀ ਬੈਠੇ ਕੰਪਲੈਕਸ ਦੇ ਅੰਦਰ ਹਰ ਦੀਵਾਰ ’ਤੇ ਲਿਖੀਆਂ ਗੁਰਬਾਣੀ ਦੀਆਂ ਪੰਕਤੀਆਂ ਗੁਰਮਤਿ ਫਲਸਫੇ ਦੀ ਵਿਆਖਿਆ ਕਰਦੀਆਂ ਹਨ। ਤਰਤੀਬੇ-ਤਰਾਸ਼ੇ, ਤਰ੍ਹਾਂ-ਤਰ੍ਹਾਂ ਦੇ ਫੁੱਲ, ਬੂਟੇ 'ਬਲਿਹਾਰੀ ਕੁਦਰਤ ਵੱਸਿਆ' ਦੀ ਪ੍ਰਕਰਮਾਂ ਕਰਦੇ ਹਨ। ਸੁੰਦਰ ਡਾਟਾਂ, ਉੱਚੀਆਂ ਛੱਤਾਂ ਅਤੇ ਗੋਲ ਗੁੰਬਦ ਖ਼ਾਲਸੇ ਦੀ ਸ਼ਾਨਾਮੱਤੀ ਵਿਰਾਸਤ ਦੇ ਪ੍ਰਤੀਕ ਹਨ। ਸੁਹਜ, ਸਫ਼ਾਈ ਅਤੇ ਸਲੀਕਾ ਖ਼ਾਲਸਾ ਕਾਲਜ ਦੀ ਪਹਿਚਾਣ ਹੈ। ਇਹ ਕੰਪਲੈਕਸ ਕੋਈ ਪੁਰਾਤਨ ਅਜਾਇਬ ਘਰ ਜਾਂ ਅਜੂਬਾ ਪ੍ਰਤੀਤ ਹੁੰਦਾ ਹੈ। ਖ਼ਾਲਸਾ ਕਾਲਜ ਦੇ ਆਕਰਸ਼ਕ ਅਤੇ ਵਿਲੱਖਣ ਆਰਕੀਟੈਕਟ ਬਾਰੇ ਇਹ ਗੱਲ ਵੀ ਫ਼ਖ਼ਰ ਕਰਨ ਯੋਗ ਹੈ ਕਿ ਇਸ ਕੰਪਲੈਕਸ ਦਾ ਆਰਕੀਟੈਕਟ ਚੰਡੀਗੜ੍ਹ ਵਾਂਗ ਕੋਈ ਵਿਦੇਸ਼ੀ ਨਹੀਂ, ਸਗੋਂ ਪੰਜਾਬ ਦਾ ਇੱਕ ਪੇਂਡੂ ਗੁਰਸਿੱਖ ਸ. ਰਾਮ ਸਿੰਘ ਸੋਹਲ ਸੀ। ਜਿਸ ਤੋਂ ਪ੍ਰਭਾਵਿਤ ਹੋ ਕੇ ਤਦ ਵਕਤੀ ਇੰਗਲੈਂਡ ਦੀ ਮਹਾਂਰਾਣੀ ਨੇ ਇੰਗਲੈਂਡ ਦੇ ਆਪਣੇ ਪੈਲੇਸ ਕੰਪਲੈਕਸ ਵਿੱਚ ਵੀ ਇੱਕ ਇਮਾਰਤ ਸ. ਰਾਮ ਸਿੰਘ ਤੋਂ ਡਿਜ਼ਾਈਨ ਕਰਵਾਈ ਸੀ।

ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਵਿੱਚ ਕਾਲਜ ਦੇ ਰਜਿਸਟਰਾਰ ਜੀ ਨੇ ਬੇਦੀ ਸਾਹਿਬ ਨੂੰ ਅਤੇ ਸਾਨੂੰ ਬੜੀ ਨਿਮਰਤਾ ਸਹਿਤ 'ਜੀਓ ਆਇਆਂ' ਕਿਹਾ ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਬੜੇ ਪ੍ਰੇਮ ਅਤੇ ਅਪਣੱਤ ਨਾਲ ਮਿਲੇ। ਬੇਦੀ ਸਾਹਿਬ ਨੇ ਸਾਡੀ ਜਾਣ-ਪਛਾਣ ਕਰਵਾਈ ਅਤੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਆਏ ਹਨ। ਪ੍ਰਾਹੁਣਾਚਾਰੀ ਅਤੇ

ਜਲ-ਪਾਣੀ ਦੇ ਨਾਲ-ਨਾਲ ਸਾਡੀ ਗੱਲਬਾਤ ਚੱਲਦੀ ਰਹੀ। ਮੈਂ ਪ੍ਰਿੰਸੀਪਲ ਜੀ ਨੂੰ ਦੱਸਿਆ ਕਿ ਸਾਡਾ ਨਾਮਧਾਰੀ ਪੰਥ ਦਾ ਸਪਤਾਹਿਕ ਪਰਚਾ ਹੈ 'ਸਤਿਜੁਗ' ਜੋ 1920 ਈ. ਤੋਂ ਸ਼ੁਰੂ ਹੋਇਆ, 2020 ਈ. ਤੱਕ ਆਪਣੇ ਸਫ਼ਰ ਦੀ ਇੱਕ ਸਦੀ ਪੂਰੀ ਕਰ ਚੁੱਕਿਆ ਹੈ। 'ਸਤਿਜੁਗ' ਦੇ ਹਾਣੀ ਪੰਜਾਬੀ ਦੇ ਕਈ ਸਪਤਾਹਿਕ ਅਤੇ ਮਾਸਿਕ ਪਰਚੇ ਕੁਝ ਦਹਾਕਿਆਂ ਦੀ ਉਮਰ ਹੰਢਾ ਕੇ ਪੂਰੇ ਹੋ ਗਏ। ਸਾਡੇ ਇਸ ਪਰਚੇ ਦੀ ਇਹ ਵੀ ਵਿਲੱਖਣਤਾ ਹੈ ਕਿ ਇਹ ਪਹਿਲੇ ਦਿਨ ਤੋਂ ਹੀ ਬਰਤਾਨਵੀ ਸਾਮਰਾਜ ਵਿਰੋਧੀ ਅਤੇ ਜੰਗੇ ਆਜ਼ਾਦੀ ਦੀ ਬੁਲੰਦ ਆਵਾਜ਼ ਬਣ ਕੇ ਰਿਹਾ ਹੈ। 'ਸਤਿਜੁਗ' ਦੇ ਸਾਲਾਨਾ ਅੰਕ ਵੀ ਬੜੀ ਇਤਿਹਾਸਕ ਮਹੱਤਤਾ ਰੱਖਦੇ ਹਨ। ਇਸ ਵਰ੍ਹੇ ਦਾ ਸਾਲਾਨਾ ਅੰਕ ਸਤਿਜੁਗ ਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਅੰਕ ਹੈ। ਪਿਛਲੇ ਦਿਨੀਂ ਤੁਹਾਡੇ ਕਾਲਜ ਵਿੱਚ ਲੱਗੇ ਪੁਸਤਕ ਮੇਲੇ 'ਤੇ ਆਏ ਸਾਡੇ ਇਨ੍ਹਾਂ ਨੌਜਵਾਨਾਂ ਗੁਰਲਾਲ ਸਿੰਘ, ਤਰਨ ਸਿੰਘ ਅਤੇ ਭਜਨ ਸਿੰਘ ਨੇ ਕਾਲਜ ਦੀ ਲਾਇਬਰੇਰੀ ਵਿਜ਼ਿਟ ਕੀਤੀ। ਤੁਹਾਡੀ ਲਾਇਬਰੇਰੀ ਵਿਚ 'ਸਤਿਜੁਗ' ਅਤੇ ਰੋਜ਼ਾਨਾ 'ਕੂਕਾ' ਅਖ਼ਬਾਰ ਦੀਆਂ 1920 ਤੋਂ 1940 ਦੇ ਦਰਮਿਆਨ ਦੀਆਂ ਕੁਝ ਫਾਈਲਾਂ ਹਨ। ਇਸ ਲਈ ਸੋਚਿਆ ਕਿ ਇੱਥੋਂ ਦੀ ਲਾਇਬ੍ਰੇਰੀ ਵਾਸਤੇ ਸਤਿਜੁਗ ਦਾ ਸ਼ਤਾਬਦੀ ਅੰਕ ਅਤੇ ਕੁਝ ਹੋਰ ਇਤਿਹਾਸਕ ਮਹੱਤਵ ਵਾਲੀਆਂ ਪੁਸਤਕਾਂ ਭੇਂਟ ਕੀਤੀਆਂ ਜਾਣ, ਜੋ ਆਪ ਜੀ ਨੂੰ ਭੇਂਟ ਕਰਨ ਵਾਸਤੇ ਲਿਆਏ ਹਾਂ। ਇਸ ਤੋਂ ਬਿਨਾਂ ਸਤਿਜੁਗ ਦੇ ਪੁਰਾਣੇ ਪਰਚਿਆਂ ਦੀ ਸਕੈਨਿੰਗ (ਕਰੀਬ ਸਾਢੇ ਗਿਆਰਾਂ ਹਜ਼ਾਰ ਪੀ.ਡੀ.ਐਫ. ਪੇਜ) ਵੀ ਇੱਕ ਪੈੱਨ ਡਰਾਈਵ 'ਚ ਲੈ ਕੇ ਆਏ ਹਾਂ। ਸਤਿਜੁਗ ਦਾ ਸ਼ਤਾਬਦੀ ਅੰਕ ਵੇਖ ਕੇ ਪ੍ਰਿੰਸੀਪਲ ਸਾਹਿਬ ਬੜੇ ਪ੍ਰਸੰਨ ਹੋਏ ਤੇ ਆਖਣ ਲੱਗੇ ਕਿ ਕਿਸੇ ਪੰਜਾਬੀ ਦੇ ਪਰਚੇ ਦਾ ਇੱਕ ਸਦੀ ਦਾ ਸਫ਼ਰ ਪੂਰਾ ਕਰ ਲੈਣਾ ਬੜੀ ਵੱਡੀ ਉਪਲੱਬਧੀ ਹੈ। ਉਹਨਾਂ ਨੇ ਧੰਨਵਾਦ ਸਹਿਤ ਸਤਿਜੁਗ ਦੇ ਅੰਕ ਅਤੇ ਪੁਸਤਕਾਂ ਪ੍ਰਵਾਨ ਕੀਤੀਆਂ। ਉਹਨਾਂ ਨੇ ਕਿਹਾ ਕਿ ਪਹਿਲੋਂ ਇਹ ਪੁਸਤਕਾਂ ਮੈਂ ਪੜ੍ਹਾਂਗਾ, ਫੇਰ ਲਾਇਬ੍ਰੇਰੀ ਵਾਸਤੇ ਭੇਜਾਂਗਾ ਅਤੇ ਕਾਲਜ ਦੀ ਲਾਇਬ੍ਰੇਰੀ ਵਾਸਤੇ 'ਸਤਿਜੁਗ' ਪਰਚਾ ਜਾਰੀ ਕਰਨ ਲਈ ਵੀ ਕਿਹਾ।

ਮੈਂ ਪ੍ਰਿੰਸੀਪਲ ਜੀ ਨੂੰ ਕਿਹਾ ਕਿ ਖ਼ਾਲਸਾ ਕਾਲਜ ਦੀ ਦਿੱਖ ਅਤੇ ਸਮੁੱਚਾ ਵਾਤਾਵਰਨ ਖ਼ਾਲਸੇ ਦੀ ਨਿਆਰੀ ਪਹਿਚਾਣ ਅਤੇ ਸਿੱਖੀ-ਸੱਭਿਆਚਾਰ ਦੀ ਤਰਜਮਾਨੀ ਕਰਦਾ ਹੈ। ਆਪ ਦੇ ਦਫ਼ਤਰ ਤੱਕ ਪੁੱਜਣ ਤੱਕ ਹੀ ਜਿੰਨਾ ਕੁ ਕੁਝ ਵੇਖਿਆ ਅਤੇ ਮਹਿਸੂਸ ਕੀਤਾ ਹੈ ਇਹ ਵਿੱਦਿਆ ਮੰਦਰ 'ਸਭੇ ਸਾਝੀਵਾਲ ਸਦਾਇਨਿ' ਦਾ ਪੈਗਾਮ ਦਿੰਦਾ ਹੈ। ਏਥੋਂ 'ਘਾਲ ਖਾਇ ਕਿਛੁ ਹਥਹੁ ਦੇਇ' ਦੀ ਪ੍ਰੇਰਣਾ ਅਤੇ 'ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨ' ਦੀ ਸਿੱਖਿਆ ਮਿਲਦੀ ਹੈ। ਡਾ. ਮਹਿਲ ਸਿੰਘ ਜੀ ਨੇ ਦੱਸਿਆ ਕਿ ਖ਼ਾਲਸਾ ਕਾਲਜ ਰੂਹਾਨੀਅਤ ਦਾ ਚਾਨਣ ਮੁਨਾਰਾ ਹੈ। ਦੁਨਿਆਵੀ ਗਿਆਨ ਦਾ ਸੋਮਾ ਹੈ ਅਤੇ ਇਸ ਦੀ ਦਿੱਖ ਪੀਰੀ ਦੇ ਨਾਲ ਮੀਰੀ ਨਾਲ ਸੁਮੇਲ ਦਰਸਾਉਂਦੀ ਹੈ। ਇਸ ਵਿੱਦਿਅਕ ਅਦਾਰੇ ਵਿੱਚ ਗੁਰਦੁਆਰਾ ਵੀ ਹੈ ਅਤੇ ਹਸਪਤਾਲ ਵੀ। ਸਾਰੇ ਧਰਮਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਖ਼ਾਲਸਾ ਕਾਲਜ ਵਿੱਚ ਅਪਣੱਤ ਦਾ ਅਹਿਸਾਸ ਹੁੰਦਾ ਹੈ। ਕਿਸੇ ਨਾਲ ਰੰਗ, ਜਾਤ, ਕੌਮ ਜਾਂ ਧਰਮ ਦੇ ਨਾਮ 'ਤੇ ਕੋਈ ਵਿਤਕਰਾ ਨਹੀਂ ਹੁੰਦਾ। 'ਨਾ ਕੋ ਬੈਰੀ ਨਾਹਿ ਬੇਗਾਨਾ, ਸਗਲ ਸੰਗਿ ਹਮ ਕੋ ਬਨਿ ਆਈ' ਦੇ ਗੁਰਵਾਕ ਅਨੁਸਾਰ ਖ਼ਾਲਸਾ ਕਾਲਜ ਦਾ ਸੰਦੇਸ਼ ਅਤੇ ਉਦੇਸ਼ ਸਰਬੱਤ ਦਾ ਭਲਾ ਹੈ।

ਡਾ. ਮਹਿਲ ਸਿੰਘ ਜੀ ਬਹੁਤ ਹੀ ਮਿਲਣਸਾਰ, ਸੂਝਵਾਨ ਅਤੇ ਸੁੱਘੜ ਸਾਹਿਤਕਾਰ ਹਨ। ਜਿਨ੍ਹਾਂ ਕੋਲ ਕਰੀਬ ਦੋ ਦਹਾਕਿਆਂ ਦਾ ਵਿੱਦਿਅਕ ਅਦਾਰੇ ਦੇ ਮੁੱਖ ਪ੍ਰਬੰਧਕ ਦਾ ਤਜਰਬਾ ਹੈ। ਉਹਨਾਂ ਨੇ ਦੱਸਿਆ ਕਿ ਅਸੀਂ ਕਾਲਜ ਦੀ ਪੂਰੀ ਲਾਇਬਰੇਰੀ ਡਿਜੀਟਲਾਈਜ਼ ਕਰ ਚੁੱਕੇ ਹਾਂ। ਇਸ ਤੋਂ ਬਿਨਾਂ ਸਾਡੇ ਕਾਲਜ ਵਿੱਚ ਸਿੱਖ ਹਿਸਟਰੀ ਰਿਸਰਚ ਸੈਂਟਰ ਵੱਲੋਂ ਦੁਰਲੱਭ ਗ੍ਰੰਥਾਂ ਦੀ ਸਾਂਭ ਸੰਭਾਲ ਦੇ ਨਾਲ-ਨਾਲ ਇਕ ਮਿਊਜ਼ੀਅਮ ਤਿਆਰ ਕੀਤਾ ਗਿਆ ਹੈ। ਤੁਸੀਂ ਉਹ ਵੀ ਵੇਖ ਕੇ ਜਾਇਓ। ਪ੍ਰਿੰਸੀਪਲ ਜੀ ਤੋਂ ਖਾਲਸਾ ਕਾਲਜ ਦੇ ਇਤਿਹਾਸ, ਉਦੇਸ਼ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਸਹਿਤ ਅਨਮੋਲ ਜਾਣਕਾਰੀ ਪ੍ਰਾਪਤ ਹੋਈ। ਸਾਡੇ ਵੱਲੋਂ ਸ੍ਰੀ ਭੈਣੀ ਸਾਹਿਬ ਆਉਣ ਬਾਰੇ ਆਗ੍ਰਹਿ ਕਰਨ ਤੇ ਉਹਨਾਂ ਨੇ ਕਿਹਾ ਕਿ ਜਦੋਂ ਵੀ ਕੋਈ ਸਮਾਗਮ ਹੋਵੇਗਾ, ਤੁਸੀਂ ਦੱਸੋਗੇ ਤਾਂ ਮੈਂ ਜ਼ਰੂਰ ਹਾਜ਼ਰ ਹੋਵਾਂਗਾ।

ਉਪਰੰਤ ਅਸੀਂ ਸਿੱਖ ਹਿਸਟਰੀ ਰਿਸਰਚ ਸੈਂਟਰ ਦੇ ਮਿਊਜ਼ੀਅਮ ਵੱਲ ਗਏ। ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਜੀ ਮਿਲੇ, ਜੋ ਇਸੇ ਕਾਲਜ ਦੀ ਸਾਜੀ ਨਿਵਾਜੀ ਸ਼ਖ਼ਸੀਅਤ ਹਨ। ਡਾ. ਕੁਲਦੀਪ ਸਿੰਘ ਜੀ ਨਾਲ ਪਹਿਲੀ ਮਿਲਣੀ ਹੀ ਏਨੀ ਅਪਣੱਤ ਭਰੀ ਸੀ ਕਿ ਜਿਵੇਂ ਉਹ ਸਾਡੇ ਚਿਰਾਂ ਦੇ ਮਿੱਤਰ ਹੋਣ। ਉਹਨਾਂ ਨੇ ਪਹਿਲੋਂ ਸਾਨੂੰ ਦੁਰਲੱਭ ਗ੍ਰੰਥਾਂ ਦੀ ਮੁਰੰਮਤ ਅਤੇ ਸੰਭਾਲ ਬਾਰੇ ਦੱਸਿਆ ਅਤੇ ਖਸਤਾ

ਹਾਲਤ ਦੇ ਗ੍ਰੰਥਾਂ ਦੀ ਕਾਇਆਕਲਪ ਹੁੰਦੀ ਵਿਖਾਈ। ਉਹਨਾਂ ਨੇ ਦੱਸਿਆ ਕਿ ਸਾਡੇ ਪਾਸ ਪੁਰਾਤਨ ਹੱਥ ਲਿਖਤ ਗ੍ਰੰਥਾਂ ਦਾ ਅਤੇ ਪੁਰਾਤਨ ਪੇਂਟਿੰਗਜ਼ ਦਾ ਵੱਡਾ ਭੰਡਾਰ ਹੈ। ਇਨ੍ਹਾਂ ਗ੍ਰੰਥਾਂ ਦੇ ਕੈਮੀਕਲ ਟ੍ਰੀਟਮੈਂਟ ਅਤੇ ਮੁਰੰਮਤ ਕਰਨ ਲਈ ਵਿਭਾਗ ਵੱਲੋਂ ਲੱਖਾਂ ਰੁਪਏ ਖਰਚੇ ਜਾ ਰਹੇ ਹਨ। ਕਰੀਬ 8-10 ਤਕਨੀਕੀ ਸੇਵਾਦਾਰਾਂ ਦੀ ਟੀਮ ਲਗਾਤਾਰ ਕੰਮ ਕਰਦੀ ਹੈ। ਪੁਰਾਤਨ ਲਿਖਤਾਂ ਦੀ ਮੁਰੰਮਤ ਕਰਨ ਲਈ ਜਾਪਾਨ ਤੋਂ ਇੱਕ ਟ੍ਰਾਂਸਪੈਰੇਂਟ (ਪਾਰਦਰਸ਼ੀ) ਪੇਪਰ ਮੰਗਵਾਇਆ ਗਿਆ ਹੈ। ਕੈਮੀਕਲ ਟਰੀਟਮੈਂਟ ਕੀਤਾ ਜਾਂਦਾ ਹੈ। ਤੇਜ਼ਾਬ ਪਾ ਕੇ ਬਣੀਆਂ ਗੱਤੇ ਦੀਆਂ ਜਿਲਦਾਂ ਦੀ ਜਗ੍ਹਾ ਅਸੀਂ ਕੱਪੜੇ ਦੇ ਬਣੇ ਗੱਤੇ ਦੀਆਂ ਜਿਲਦਾਂ ਚੜ੍ਹਾ ਰਹੇ ਹਾਂ। ਇਕ-ਇਕ ਗ੍ਰੰਥ ਦੀ ਮੁਰੰਮਤ ਕਰਨ 'ਤੇ ਕਈ ਵੇਰ 20-25 ਦਿਨ ਵੀ ਲੱਗ ਜਾਂਦੇ ਹਨ। ਫਿਰ ਇਨ੍ਹਾਂ ਗ੍ਰੰਥਾਂ ਦੀ ਸਕੈਨਿੰਗ ਕਰਕੇ ਪੀ.ਡੀ.ਐਫ. ਤਿਆਰ ਕਰਦੇ ਹਾਂ। ਸੱਚਮੁੱਚ ਹੀ ਪੁਰਾਤਨ ਗ੍ਰੰਥਾਂ ਦੀ ਸਾਂਭ-ਸੰਭਾਲ ਲਈ ਖ਼ਾਲਸਾ ਕਾਲਜ ਦਾ ਸਿੱਖ ਹਿਸਟਰੀ ਰਿਸਰਚ ਸੈਂਟਰ ਦਾ ਕਾਰਜ ਸ਼ਲਾਘਾਯੋਗ ਅਤੇ ਪ੍ਰੇਰਨਾ ਸਰੋਤ ਹੈ।

ਉਪਰੰਤ ਪ੍ਰਦਰਸ਼ਿਤ ਕੀਤੇ ਗਏ ਗ੍ਰੰਥਾਂ ਦੇ ਦਰਸ਼ਨ ਕੀਤੇ ਅਤੇ ਵਿਸ਼ੇ ਵਾਰ ਪੁਰਾਤਨ ਇਤਿਹਾਸਕ ਪੇਂਟਿੰਗਜ਼ ਦੀ ਪ੍ਰਦਰਸ਼ਨੀ ਵੇਖੀ। ਪੁਰਾਤਨ ਗ੍ਰੰਥ ਦੁਰਲੱਭ ਇਤਿਹਾਸਕ ਵਸਤੂਆਂ ਅਤੇ ਪੇਂਟਿੰਗਜ਼ ਦੀਆਂ ਵੱਖੋ-ਵੱਖ ਕਈ ਗੈਲਰੀਆਂ ਹਨ, ਜੋ ਅਜੇ ਕੁਝ ਤਿਆਰ ਹੋ ਰਹੀਆਂ ਹਨ। ਇਸ ਮਹਾਨ ਕਾਰਜ ਦੇ ਸੂਤਰਧਾਰ ਡਾ. ਕੁਲਦੀਪ ਸਿੰਘ ਹਨ। ਕਿਉਂਕਿ ਸਾਡੇ ਨਾਲ ਡਾ. ਹਰਮਹਿੰਦਰ ਸਿੰਘ ਬੇਦੀ ਜੀ ਸਨ, ਜਿਨ੍ਹਾਂ ਨੂੰ ਏਨਾ ਸਮਾਂ ਨਾਲ ਤੁਰਨਾ ਮੁਸ਼ਕਲ ਹੋ ਰਿਹਾ ਸੀ। ਇਸ ਲਈ ਫੇਰ ਕਿਤੇ ਆ ਕੇ ਨਿੱਠ ਕੇ ਪ੍ਰਦਰਸ਼ਨੀ ਵੇਖਣ ਦਾ ਇਕਰਾਰ ਕਰਕੇ ਅਸੀਂ ਵਿਦਾ ਮੰਗੀ। ਡਾ. ਕੁਲਦੀਪ ਸਿੰਘ ਜੀ ਨੇ ਖ਼ਾਲਸਾ ਕਾਲਜ ਵੱਲੋਂ ਪ੍ਰਕਾਸ਼ਿਤ ਦੋ ਦੁਰਲੱਭ ਪੁਸਤਕਾਂ ਸ੍ਰੀ ਭੈਣੀ ਸਾਹਿਬ ਵਾਸਤੇ ਦਿੱਤੀਆਂ।

ਅੱਜ ਸ਼ਾਇਦ ਸਤਿਗੁਰੂ ਜੀ ਨੇ ਸਾਡੀ 'ਗੁਰਸਿੱਖਾਂ ਦਾ ਮੇਲਾ' ਕਰਵਾਉਣ ਦੀ ਅਰਦਾਸ ਬਹੁਤ ਨੇੜਿਓਂ ਹੋ ਕੇ ਸੁਣੀ। ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਦੌਰਾਨ ਗੁਣੀ, ਗਿਆਨੀ ਅਤੇ ਗੁਰਮੁਖਾਂ ਦੇ ਮੇਲ ਹੋਏ। ਡਾ. ਹਰਮਹਿੰਦਰ ਸਿੰਘ ਜੀ ਬੇਦੀ, ਡਾ. ਮਹਿਲ ਸਿੰਘ ਜੀ, ਡਾ. ਕੁਲਦੀਪ ਸਿੰਘ ਜੀ ਅਤੇ ਵਾਪਸੀ ਤੇ ਡਾ. ਨਿਰਮਲ ਸਿੰਘ ਜੀ ਲਾਂਬੜਾ (ਮੋਢੀ ਸੰਚਾਲਕ, ਪੰਜਾਬੀ ਸੱਥ)। ਬੇਦੀ ਸਾਹਿਬ ਦੇ ਘਰ ਆ ਕੇ ਜਲ ਪਾਣੀ ਅਤੇ ਲੰਗਰ ਛਕਿਆ। ਮਿਸਿਜ਼ ਬੇਦੀ ਨੇ ਸਕੀਆਂ ਮਾਵਾਂ ਵਾਂਗ ਬੜੇ ਪ੍ਰੇਮ ਨਾਲ ਲੰਗਰ ਪਾਣੀ ਛਕਾਇਆ। ਬੇਦੀ ਸਾਹਿਬ ਨੇ ਦੱਸਿਆ ਕਿ ਮੈਨੂੰ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੀ ਗੁਰਬਾਣੀ ਨਿਤਨੇਮ ਦੀ ਪੋਥੀ ਬਖ਼ਸ਼ੀ ਸੀ। ਹੁਣ ਮੈਂ ਉਸ ਤੋਂ ਰੋਜ਼ ਪਾਠ ਕਰਦਾ ਹਾਂ। ਮਿਸਿਜ਼ ਬੇਦੀ ਨੇ ਦੱਸਿਆ ਕਿ ਬੇਦੀ ਜੀ ਸਵੇਰੇ-ਸਵੇਰੇ ਬੜੀ ਉੱਚੀ ਸੁਰ ਵਿੱਚ ਇੰਨੇ ਪ੍ਰੇਮ ਨਾਲ ਬਾਣੀਆਂ ਦਾ ਪਾਠ ਕਰਦੇ ਹਨ ਕਿ ਆਂਢੀ-ਗੁਆਂਢੀ ਵੀ ਸੁਣਨ ਆ ਜਾਂਦੇ ਹਨ। ਬੇਦੀ ਸਾਹਿਬ ਜਿੱਡੇ ਵੱਡੇ ਅਹੁਦੇ 'ਤੇ ਹਨ, (ਵਾਈਸ ਚਾਂਸਲਰ ਨਹੀਂ ਸਗੋਂ ਚਾਂਸਲਰ ਹਨ, ਸੈਂਟਰਲ ਯੂਨੀਵਰਸਿਟੀ ਹਿਮਾਚਲ ਦੇ) ਅਤੇ ਜਿੱਡੇ ਵੱਡੇ ਵਿਦਵਾਨ ਹਨ ਉਸ ਤੋਂ ਵੀ ਵੱਧ ਨਿਰਮਾਣ ਅਤੇ ਸ਼ਰਧਾਲੂ ਗੁਰਮੁੱਖ ਹਨ।

ਡਾ. ਜੋਗਿੰਦਰ ਸਿੰਘ ਜੀ ਅਤੇ ਡਾ. ਧਰਮ ਸਿੰਘ ਜੀ ਵਾਸਤੇ ਸਤਿਜੁਗ ਦੇ ਸ਼ਤਾਬਦੀ ਅੰਕ ਅਤੇ ਕੁਝ ਨਵ-ਪ੍ਰਕਾਸ਼ਿਤ ਪੁਸਤਕਾਂ ਦੇ ਕੇ ਵਾਪਸੀ ਤੇ ਅਸੀਂ ਜਲੰਧਰ ਪਾਸ ਡਾ. ਨਿਰਮਲ ਸਿੰਘ ਜੀ ਲਾਂਬੜਾ ਦੇ ਕਲੀਨਿਕ 'ਤੇ ਪੁੱਜੇ। ਡਾਕਟਰ ਸਾਹਿਬ ਦੇ ਕਲੀਨਿਕ ਵਿੱਚ ਦਵਾਈਆਂ ਤੋਂ ਵੱਧ ਕਿਤਾਬਾਂ ਹਨ। ਸ਼ਾਇਦ ਅਜਿਹੇ ਇੱਕੋ-ਇੱਕ ਡਾਕਟਰ ਹੋਣਗੇ ਡਾ. ਨਿਰਮਲ ਸਿੰਘ ਜੀ, ਜਿਨ੍ਹਾਂ ਦੇ ਕਲੀਨਿਕ ਵਿੱਚ ਜਿੱਥੇ ਬੈਠ ਕੇ ਉਹ ਮਰੀਜ਼ਾਂ ਨੂੰ ਵੇਖਦੇ ਹਨ, ਉੱਥੇ ਤਿੰਨੇ ਪਾਸੇ ਦੀਆਂ ਅਲਮਾਰੀਆਂ ਪੰਜਾਬੀ ਸਾਹਿਤ ਦੀਆਂ ਪੁਸਤਕਾਂ ਨਾਲ ਭਰੀਆਂ ਹੋਈਆਂ ਹਨ। ਉਹ ਪੰਜਾਬੀ ਸੱਥ ਦੇ ਮੋਢੀ ਸੇਵਾਦਾਰ ਹਨ। ਅੱਜ ਦੁਨੀਆਂ ਭਰ ਵਿੱਚ ਪੰਜਾਬੀ ਸੱਥ ਦੀਆਂ ਸ਼ਾਖਾਵਾਂ ਹਨ। ਹੁਣ ਤੱਕ 400 ਤੋਂ ਵੱਧ ਦੁਰਲੱਭ ਪੁਸਤਕਾਂ ਪੰਜਾਬੀ ਸੱਥ ਵੱਲੋਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪਿੰਡ ਲਾਂਬੜਾ ਵਿਖੇ ਪੰਜਾਬੀ ਸੱਥ ਵੱਲੋਂ ਪੰਜਾਬੀ ਸੱਭਿਆਚਾਰ ਦਾ ਇੱਕ ਅਜਾਇਬ ਘਰ ਵੀ ਬਣਾਇਆ ਗਿਆ ਹੈ। ਅਸੀਂ ਡਾਕਟਰ ਸਾਹਿਬ ਨੂੰ ਸਤਿਜੁਗ ਦਾ ਸ਼ਤਾਬਦੀ ਅੰਕ ਅਤੇ ਕੁਝ ਹੋਰ ਪੁਸਤਕਾਂ ਦਿੱਤੀਆਂ। ਡਾ. ਨਿਰਮਲ ਸਿੰਘ ਜੀ ਨੇ ਵੀ ਪੰਜਾਬੀ ਸੱਥ ਦੇ ਪ੍ਰਕਾਸ਼ਿਤ ਕੁਝ ਗ੍ਰੰਥ 'ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ' (ਸ੍ਰੀ ਭੈਣੀ ਸਾਹਿਬ) ਲਈ ਦਿੱਤੇ। ਅੱਜ ਦਾ ਸਾਰਾ ਦਿਨ ਸਾਡਾ ਮਹਾਨ ਵਿਦਵਾਨਾਂ ਅਤੇ ਗੁਰਮੁਖ ਸੱਜਣਾਂ ਦੇ ਸੰਗ-ਸਾਥ ਬੀਤਿਆ। ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਫ਼ਲ ਯਾਤਰਾ ਕਰਕੇ ਹਨ੍ਹੇਰੇ ਹੋਏ ਅਸੀਂ ਵਾਪਸ ਸ੍ਰੀ ਭੈਣੀ ਸਾਹਿਬ ਪੁੱਜੇ।

..........................................................

# ਮਹਾਂਮਾਰੀ ਕਾਰਨ ਅਭੈ ਸੰਧੂ ਦਾ ਬੇਵਕਤ ਅਸਹਿ ਵਿਛੋੜਾ

ਪ੍ਰੋ. ਚਮਨ ਲਾਲ ਪਟਿਆਲਾ

ਭਗਤ ਸਿੰਘ ਆਰਕਾਈਵਜ਼ ਅਤੇ ਸੰਸਾਧਨ ਕੇਂਦਰ
ਦਿੱਲੀ ਦੇ ਆਨਰੇਰੀ ਸਲਾਹਕਾਰ।
98687-74820

**(ਸਮਾਜ ਸੇਵੀ ਅਭੈ ਸੰਧੂ ਸ਼ਹੀਦ ਭਗਤ ਸਿੰਘ ਦੇ ਛੋਟੇ ਭਰਾ ਕੁਲਬੀਰ ਸਿੰਘ ਦੇ ਪੁੱਤਰ ਸਨ -ਸੰਪਾਦਕ)**

**14** ਮਈ ਨੂੰ ਸ਼ਾਮ ਤਕਰੀਬਨ 6 ਵਜੇ ਸੋਸ਼ਲ ਮੀਡੀਆ ਫੇਸਬੁੱਕ ਅਤੇ ਵਟਸਐਪ 'ਤੇ ਕੁਝ ਦੋਸਤਾਂ ਤੇ ਵਾਕਫ਼ਾਂ ਨੇ ਇੱਕ ਦੁਖਦਾਈ ਖ਼ਬਰ ਪਾਉਣੀ ਸ਼ੁਰੂ ਕੀਤੀ ਜੋ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੇ ਇੱਕ ਹੋਣਹਾਰ ਫਰਜ਼ੰਦ ਅਭੈ ਸੰਧੂ ਦੇ ਬੇਵਕਤ ਚਲਾਣੇ ਬਾਰੇ ਸੀ। ਇਹ ਖ਼ਬਰ ਪਰਿਵਾਰ ਵੱਲੋਂ ਨਹੀਂ ਸੀ, ਸੋ ਯਕੀਨ ਕਰਨਾ ਮੁਸ਼ਕਿਲ ਲੱਗਿਆ। ਫਿਰ ਪਰਿਵਾਰ ਦੇ ਸਹਾਰਨਪੁਰ ਤੋਂ ਮੈਂਬਰ ਕਿਰਨਜੀਤ ਸੰਧੂ ਹੋਰਾਂ ਨਾਲ ਗੱਲ ਕਰ ਕੇ ਖ਼ਬਰ ਦੀ ਪੁਸ਼ਟੀ ਹੋਈ ਤਾਂ ਮਨ ਡੂੰਘਾ ਉਦਾਸ ਹੋਇਆ। ਕਰੋਨਾ ਦੌਰ ਦੀਆਂ ਅਨੇਕ ਬੁਰੀਆਂ ਖ਼ਬਰਾਂ ਵਿਚੋਂ ਮੇਰੇ ਲਈ ਨਿੱਜੀ ਤੌਰ 'ਤੇ ਇਹ ਸਭ ਤੋਂ ਜ਼ਿਆਦਾ ਬੁਰੀ ਖ਼ਬਰ ਸੀ।

ਭਗਤ ਸਿੰਘ ਦਾ ਪਰਿਵਾਰ ਉਸ ਪੀੜ੍ਹੀ ਤੋਂ ਹੀ ਵਿਸ਼ਾਲ ਪਰਿਵਾਰ ਹੈ। ਭਗਤ ਸਿੰਘ ਹੋਰੀਂ ਨੌਂ ਭੈਣ ਭਰਾ ਸਨ। ਜਿਨ੍ਹਾਂ ਵਿਚੋਂ ਇੱਕ ਭੈਣ ਬੀਬੀ ਪ੍ਰਕਾਸ਼ ਕੌਰ 2014 ਤੱਕ ਜਿਉਂਦੇ ਰਹੇ ਸਨ। ਜਗਤ ਸਿੰਘ ਦੇ ਬਚਪਨ ਵਿੱਚ ਚਲਾਣੇ ਅਤੇ ਅਣਵਿਆਹੇ ਭਗਤ ਸਿੰਘ ਦੀ ਸ਼ਹਾਦਤ ਤੋਂ ਬਾਅਦ ਬਚੇ 4 ਭਰਾਵਾਂ ਅਤੇ ਤਿੰਨ ਭੈਣਾਂ ਦੇ ਬੱਚਿਆਂ ਦਾ ਭਤੀਜੇ-ਭਤੀਜਿਆਂ, ਭਾਣਜੇ-ਭਾਣਜੀਆਂ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜੀਆਂ ਤੱਕ ਇਤਿਹਾਸਕ ਵਿਰਸੇ ਵਾਲਾ ਇਹ ਖ਼ਾਨਦਾਨ ਪੰਜਾਬ, ਭਾਰਤ ਅਤੇ ਦੁਨੀਆਂ ਦੇ ਅਨੇਕ ਮੁਲਕਾਂ ਵਿੱਚ ਫੈਲਿਆ ਹੋਇਆ ਹੈ। ਅਭੈ ਸੰਧੂ ਦਾ ਜਨਮ ਭਗਤ ਸਿੰਘ ਤੋਂ ਛੋਟੇ ਭਰਾ ਕੁਲਬੀਰ ਸਿੰਘ ਦੇ ਘਰ 20 ਅਕਤੂਬਰ 1956 ਨੂੰ ਹੋਇਆ ਸੀ। ਭਗਤ ਸਿੰਘ ਦਾ ਸਾਰਾ ਪਰਿਵਾਰ ਮੁਲਕ ਦੀ ਵੰਡ ਤੋਂ ਬਾਅਦ ਇੱਕ ਵਾਰ ਫਿਰ ਖਟਕੜ ਕਲਾਂ ਦੀ ਆਪਣੀ ਜੱਦੀ ਹਵੇਲੀ ਵਿੱਚ ਵੱਸ ਗਿਆ ਸੀ। ਫਿਰ ਉਨ੍ਹਾਂ ਦੇ ਦੋ ਛੋਟੇ ਭਰਾ ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਸਹਾਰਨਪੁਰ ਆ ਗਏ ਅਤੇ ਉਨ੍ਹਾਂ ਤੋਂ ਛੋਟੇ ਦੋ ਭਰਾ ਰਣਵੀਰ ਸਿੰਘ ਅਤੇ ਰਜਿੰਦਰ ਸਿੰਘ ਤਰਾਈ ਦੇ ਬਾਜਪੁਰ ਇਲਾਕੇ ਵਿੱਚ ਜ਼ਮੀਨਾਂ ਲੈ ਕੇ ਵਸ ਗਏ ਸਨ। ਕੁਲਬੀਰ ਸਿੰਘ ਇੱਕ ਵਾਰ ਫਿਰੋਜ਼ਪੁਰ ਤੋਂ ਜਨਸੰਘ ਦੀ ਟਿਕਟ ਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਿਧਾਇਕ ਚੁਣੇ ਗਏ ਸਨ। ਅਭੈ ਸੰਧੂ ਹੋਰੀਂ 4 ਭੈਣ-ਭਰਾ ਸਨ। ਉਨ੍ਹਾਂ ਦੇ ਭਰਾ ਬਾਬਰ ਸਿੰਘ ਕਈ ਵਰ੍ਹੇ ਪਹਿਲਾਂ ਗੁਜ਼ਰ ਗਏ ਸਨ। ਦੋ ਭੈਣਾਂ ਵਰਸ਼ਾ ਬਾਸੀ ਅਮਰੀਕਾ ਅਤੇ ਰੂਬੀ ਲੁਧਿਆਣਾ ਵਿਚ ਰਹਿੰਦੀਆਂ ਹਨ। ਅਭੈ ਸੰਧੂ ਦੇ ਦੋ ਬੱਚਿਆਂ ਵਿਚੋਂ ਬੇਟੇ ਅਭਿਤੇਜ ਸੰਧੂ ਦਾ ਪੰਜ ਸਾਲ ਪਹਿਲਾਂ ਹਿਮਾਚਲ ਪ੍ਰਦੇਸ਼ ਦੇ ਇੱਕ ਦੁਖਦਾਈ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਸੀ, ਜਿਸ ਦੀ ਯਾਦ ਵਿੱਚ ਉਨ੍ਹਾਂ ਨੇ ਅਭਿਤੇਜ ਫਾਊਂਡੇਸ਼ਨ ਬਣਾਈ ਸੀ। ਅਭੈ ਸੰਧੂ ਦੀ ਧੀ ਅਨੁਪ੍ਰਿਆ ਲੁਧਿਆਣਾ ਵਿਖੇ ਵਿਆਹੀ ਹੋਈ ਹੈ। ਅਭੈ ਸੰਧੂ ਦੀ ਜੀਵਨ ਸਾਥਣ ਤੇਜਵਿੰਦਰ ਇੱਕ ਕਮਿਊਨਿਸਟ ਪਰਿਵਾਰ ਵਿਚੋਂ ਹਨ।

ਅਭੈ ਸੰਧੂ ਸਿਆਸੀ ਤੌਰ ਤੇ ਸਰਗਰਮ ਸ਼ਖ਼ਸੀਅਤ ਸਨ ਅਤੇ ਭਗਤ ਸਿੰਘ ਦੇ ਵਿਚਾਰਾਂ ਦੇ ਪ੍ਰਸਾਰ ਹਿੱਤ ਉਨ੍ਹਾਂ ਅਣਥੱਕ ਕਾਰਜ ਕੀਤਾ। ਭਗਤ ਸਿੰਘ ਦੀ ਜਨਮ ਸ਼ਤਾਬਦੀ ਦੌਰਾਨ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੋਵਾਂ ਵੱਲੋਂ ਭਗਤ ਸਿੰਘ ਦੀ ਜੇਲ ਨੋਟਬੁੱਕ ਆਪਣੀ ਨਿੱਜੀ ਕੋਸ਼ਿਸ਼ ਤਹਿਤ ਪੰਜਾਬੀ ਅਤੇ ਹਿੰਦੀ ਅਨੁਵਾਦ ਵਿੱਚ ਮੁਫ਼ਤ ਵੰਡਣ ਲਈ ਛਪਵਾਈ। ਪੰਜਾਬੀ ਅਤੇ ਹਿੰਦੀ ਦੋਵਾਂ ਵਿੱਚ ਕਿਤਾਬ ਦੇ ਇੱਕ ਪਾਸੇ ਭਗਤ ਸਿੰਘ ਦੀ ਮੂਲ ਅੰਗਰੇਜ਼ੀ ਖ਼ੂਬਸੂਰਤ ਹੱਥ-ਲਿਖਤ ਛਾਪੀ ਗਈ ਸੀ ਅਤੇ ਦੂਜੇ ਪਾਸੇ ਪੰਜਾਬੀ ਅਤੇ ਹਿੰਦੀ ਅਨੁਵਾਦ ਛਾਪੇ ਗਏ ਸਨ। ਪੰਜਾਬ ਅਤੇ ਹਰਿਆਣਾ ਸਰਕਾਰਾਂ ਕੋਲੋਂ ਹਾਲੇ ਵੀ ਇਹ ਨੋਟਬੁੱਕ ਜਾਂ ਡਾਇਰੀ ਮੁਫ਼ਤ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਆਪਣੇ ਪਿਤਾ ਦੇ ਨਾਂ 'ਤੇ ਸਥਾਪਤ ਕੁਲਬੀਰ ਸਿੰਘ ਫਾਊਂਡੇਸ਼ਨ ਵੱਲੋਂ ਵੱਡੇ ਆਕਾਰ ਵਿੱਚ ਭਗਤ ਸਿੰਘ ਦੀ ਜੇਲ੍ਹ ਡਾਇਰੀ ਛਪਵਾਈ ਹੈ।

ਅਕਾਲੀ ਦਲ ਤੋਂ ਵੱਖ ਹੋ ਕੇ ਜਦੋਂ ਮਨਪ੍ਰੀਤ ਸਿੰਘ

ਬਾਦਲ ਨੇ ਪੰਜਾਬ ਪੀਪਲਜ਼ ਪਾਰਟੀ (ਪੀਪੀਪੀ) ਬਣਾਈ ਤਾਂ ਅਭੈ ਸੰਧੂ ਉਸ ਦੇ ਸੰਸਥਾਪਕਾਂ ਵਿਚੋਂ ਇੱਕ ਸਨ ਜਿਸ ਨੂੰ ਮਨਪ੍ਰੀਤ ਸਿੰਘ ਬਾਦਲ ਅੱਜ ਵੀ ਮਾਣ ਨਾਲ ਯਾਦ ਕਰਦੇ ਹਨ। ਪੰਜਾਬ ਪੀਪਲਜ਼ ਪਾਰਟੀ ਦੇ ਖਿੰਡਣ ਤੋਂ ਬਾਅਦ ਅਭੈ ਸੰਧੂ ਦਾ ਝੁਕਾਅ ਆਮ ਆਦਮੀ ਪਾਰਟੀ ਵੱਲ ਹੋ ਗਿਆ ਅਤੇ ਉਨ੍ਹਾਂ ਨੇ ਦੋਵਾਂ ਪਾਰਟੀਆਂ ਵੱਲੋਂ ਇੱਕ-ਇੱਕ ਵਾਰ ਪੰਜਾਬ ਵਿਧਾਨ ਸਭਾ ਚੋਣ ਲੜੀ, ਹਾਲਾਂਕਿ ਉਹ ਸਫ਼ਲ ਨਹੀਂ ਹੋਏ। ਉਨ੍ਹਾਂ ਤੋਂ ਵੀ ਅੱਗੇ ਵਧ ਕੇ ਉਨ੍ਹਾਂ ਦੇ ਪੁੱਤਰ ਅਭਿਤੇਜ ਸੰਧੂ ਨੇ ਆਮ ਆਦਮੀ ਪਾਰਟੀ (ਆਪ) ਦੇ ਯੂਥ ਵਿੰਗ ਵਿੱਚ ਸਰਗਰਮੀ ਸ਼ੁਰੂ ਕੀਤੀ ਅਤੇ ਆਪ ਦੀ ਕੇਂਦਰੀ ਲੀਡਰਸ਼ਿਪ ਦੇ ਕਾਫ਼ੀ ਨੇੜੇ ਪਹੁੰਚ ਗਏ ਸਨ। 2016 ਵਿੱਚ ਜੇ ਉਸ ਦੀ ਬੇਵਕਤ ਵਫ਼ਾਤ ਨਾ ਹੁੰਦੀ ਤਾਂ ਉਹ ਪੰਜਾਬ ਵਿਧਾਨ ਸਭਾ ਦੇ ਸੰਭਾਵੀ ਮੈਂਬਰ ਅਤੇ ਆਪ ਦੀ ਮੂਹਰਲੀ ਸਫ਼ ਦੇ ਆਗੂ ਹੁੰਦੇ। ਥੋੜੇ ਸਮੇਂ ਵਿੱਚ ਹੀ ਅਭਿਤੇਜ ਨੇ ਇਸ ਪਾਰਟੀ ਅਤੇ ਪਾਰਟੀ ਤੋਂ ਬਾਹਰਲੇ ਨੌਜਵਾਨਾਂ ਵਿੱਚ ਆਪਣਾ ਅਸਰ ਰਸੂਖ਼ ਕਾਇਮ ਕਰ ਲਿਆ ਸੀ। ਅਭਿਤੇਜ ਦੇ ਵਿਛੋੜੇ ਤੋਂ ਬਾਅਦ ਜਿਵੇਂ ਉਸ ਦੇ ਮਾਪਿਆਂ ਅਭੈ ਅਤੇ ਤੇਜਵਿੰਦਰ ਨੇ ਉਸ ਦੇ ਅਧੂਰੇ ਕਾਰਜ ਨੂੰ ਅੱਗੇ ਵਧਾਉਣ ਦਾ ਮਿਸ਼ਨ ਬਣਾ ਲਿਆ ਸੀ।

ਇਸੇ ਮਿਸ਼ਨ ਤਹਿਤ ਉਨ੍ਹਾਂ ਨੇ ਪੰਜਾਬ ਤੋਂ ਸ਼ੁਰੂ ਹੋਏ ਅਤੇ ਪੂਰੇ ਭਾਰਤ ਤੱਕ ਫੈਲੇ ਕਿਸਾਨ ਅੰਦੋਲਨ ਵਿੱਚ ਪੂਰੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਤਕਰੀਬਨ ਹਰ ਮਹੀਨੇ ਉਹ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਵਿਸ਼ਾਲ ਕਿਸਾਨ ਸਮੂਹਾਂ ਨਾਲ ਇਕਜੁੱਟਤਾ ਵਿੱਚ ਸ਼ਾਮਿਲ ਹੁੰਦੇ ਰਹੇ। 21 ਫਰਵਰੀ ਦੇ ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਅਤੇ ਆਪਣੇ ਦਾਦਾ ਅਜੀਤ ਸਿੰਘ ਦੇ 140 ਵੇਂ ਜਨਮ ਦਿਹਾੜੇ ਉਹ ਪਰਿਵਾਰ ਸਹਿਤ ਸ਼ਾਮਿਲ ਹੋਏ। 8 ਮਾਰਚ ਨੂੰ ਇਸਤਰੀ ਦਿਵਸ ਮੌਕੇ ਉਹ ਪਤਨੀ ਤੇ ਧੀ ਸਹਿਤ ਸ਼ਾਮਿਲ ਹੋਏ, ਜਿੱਥੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

2016 ਵਿੱਚ ਅਭਿਤੇਜ ਨੇ ਹਿਮਾਚਲ ਯਾਤਰਾ 'ਤੇ ਜਾਣ ਤੋਂ ਪਹਿਲਾਂ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਹਿਮਾਚਲ ਤੋਂ ਵਾਪਸ ਆ ਕੇ ਉਹ ਮੇਰੇ ਨਾਲ ਜਾ ਕੇ ਮੇਰੇ ਤਸੱਵਰ ਮੁਤਾਬਿਕ 'ਭਗਤ ਸਿੰਘ ਆਰਕਾਈਵਜ਼' ਬਣਾਉਣ ਲਈ ਦਿੱਲੀ ਸਰਕਾਰ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨਾਲ ਗੱਲਬਾਤ ਕਰੇਗਾ। ਖ਼ੈਰ...! ਬਾਅਦ ਵਿੱਚ ਆਪ ਦੀ ਨੇਤਾ ਤੇ ਵਿਧਾਇਕ ਅਤਿਸ਼ੀ ਨਾਲ ਜਾ ਕੇ ਮਨੀਸ਼ ਸਿਸੋਦੀਆ ਨਾਲ ਏਹ ਗੱਲਬਾਤ ਸਿਰੇ ਚੜ੍ਹ ਗਈ ਅਤੇ ਮੇਰੇ ਵੱਲੋਂ ਆਜ਼ਾਦੀ ਸੰਗਰਾਮ ਨਾਲ ਸੰਬੰਧਿਤ ਤੋਹਫ਼ੇ ਵਜੋਂ ਦਿੱਤੀਆਂ ਕਰੀਬ ਦੋ ਹਜ਼ਾਰ ਕਿਤਾਬਾਂ ਅਤੇ ਬਹੁਤ ਸਾਰੇ ਇਨਕਲਾਬੀਆਂ ਦੇ ਖ਼ਤਾਂ ਤੇ ਹੋਰ ਅਨੇਕ ਦਸਤਾਵੇਜ਼ਾਂ 'ਤੇ ਆਧਾਰਿਤ ਭਗਤ ਸਿੰਘ ਆਰਕਾਈਵਜ਼ ਅਤੇ ਸੰਸਾਧਨ ਕੇਂਦਰ, ਦਿੱਲੀ ਅਕਾਇਵਸ ਦੀ ਇਮਾਰਤ ਵਿੱਚ 23 ਮਾਰਚ 2018 ਨੂੰ ਬਾਕਾਇਦਾ ਸਥਾਪਤ ਹੋ ਗਿਆ। ਇਸ ਦਾ ਉਦਘਾਟਨ ਭਗਤ ਸਿੰਘ ਦੇ ਪਰਿਵਾਰ ਦੇ ਕਈ ਮੈਂਬਰਾਂ ਦੀ ਹਾਜ਼ਰੀ ਵਿੱਚ ਦਿੱਲੀ ਸਰਕਾਰ ਦੇ ਮੰਤਰੀ ਗੋਪਾਲ ਰਾਏ ਨੇ ਕੀਤਾ ਸੀ। ਇਸ ਆਰਕਾਈਵਜ਼ ਦੇ ਸਮਝੌਤੇ ਮੁਤਾਬਿਕ ਇਸ ਲਈ ਬਾਕਾਇਦਾ ਸਲਾਹਕਾਰ ਬੋਰਡ ਬਣਾਇਆ ਗਿਆ ਸੀ। ਜਿਸ ਵਿੱਚ ਦੇਸ਼ ਦੇ ਪ੍ਰਸਿੱਧ ਇਤਿਹਾਸਕਾਰਾਂ ਦੇ ਨਾਲ ਭਗਤ ਸਿੰਘ ਪਰਿਵਾਰ ਵੱਲੋਂ ਅਭੈ ਸੰਧੂ ਨੂੰ ਮੈਂਬਰ ਰੱਖਿਆ ਗਿਆ ਸੀ। ਅਭੈ ਸੰਧੂ ਨੇ ਇਸ ਸਲਾਹਕਾਰ ਬੋਰਡ ਦੀਆਂ ਮੀਟਿੰਗਾਂ ਵਿੱਚ ਆਪਣਾ ਯੋਗਦਾਨ ਪਾਉਣ ਦੇ ਨਾਲ-ਨਾਲ ਭਗਤ ਸਿੰਘ ਆਰਕਾਈਵਜ਼ ਦੇ 2019 ਦੇ ਪਹਿਲੇ ਸਲਾਨਾ ਪ੍ਰੋਗਰਾਮ ਵਿੱਚ ਵੀ ਹਿੱਸਾ ਲਿਆ। ਇਸ ਸਬੰਧੀ ਸਾਡੀ ਅਕਸਰ ਆਪਸ ਵਿੱਚ ਚਰਚਾ ਹੁੰਦੀ ਰਹਿੰਦੀ ਸੀ, ਪਰ ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਸਾਡੀ ਗੱਲਬਾਤ ਨਹੀਂ ਹੋ ਸਕੀ।

ਅਭੈ ਸੰਧੂ ਦੀ ਧੀ ਅਨੁਪ੍ਰਿਆ ਤੋਂ ਮਿਲੀ ਜਾਣਕਾਰੀ ਅਨੁਸਾਰ ਅਪਰੈਲ ਦੇ ਸ਼ੁਰੂ ਵਿੱਚ ਅਭੈ ਸੰਧੂ ਦੀ ਤਬੀਅਤ ਖ਼ਰਾਬ ਹੋਣ ਤੇ ਫੋਰਟਿਸ ਹਸਪਤਾਲ ਮੁਹਾਲੀ ਵਿੱਚ ਜਾਂਚ ਤੋਂ ਬਾਅਦ ਕਰੋਨਾ ਦੀ ਪੁਸ਼ਟੀ ਹੋਣ 'ਤੇ ਉਨ੍ਹਾਂ ਨੂੰ 6 ਅਪਰੈਲ ਨੂੰ ਕਰੋਨਾ ਵਾਰਡ ਵਿੱਚ ਦਾਖਲ ਕੀਤਾ ਗਿਆ। ਜਿੱਥੇ ਪਰਿਵਾਰ ਨੂੰ ਜਾਣ ਦੀ ਇਜਾਜ਼ਤ ਨਹੀਂ ਸੀ। 23-24 ਅਪਰੈਲ ਤੱਕ ਉਨ੍ਹਾਂ ਨੂੰ ਕਰੋਨਾ ਮੁਕਤ ਕਹਿ ਕੇ ਦੂਜੇ ਵਾਰਡ ਵਿੱਚ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਪਤਨੀ ਅਤੇ ਧੀ ਕੁਝ ਸਮੇਂ ਲਈ ਉਨ੍ਹਾਂ ਨੂੰ ਮਿਲ ਸਕਦੇ ਸਨ। ਮਈ ਦੇ ਪਹਿਲੇ ਹਫ਼ਤੇ ਉਨ੍ਹਾਂ ਨੂੰ ਸਿਹਤ ਸਬੰਧੀ ਕੁਝ ਮੁਸ਼ਕਿਲਾਂ ਆਈਆਂ, ਪਰ ਇਹ ਕਰੋਨਾ ਨਹੀਂ ਸੀ। ਉੱਥੇ ਵਿਭਾਗ ਦੇ ਮੁਖੀ ਡਾ. ਮੰਡਲ ਅਤੇ ਡਾ. ਜ਼ਾਫਰ ਉਨ੍ਹਾਂ ਦੀ ਦੇਖਭਾਲ ਕਰ ਰਹੇ ਸਨ। ਉਨ੍ਹਾਂ ਨੂੰ ਖ਼ੂਨ ਦੀ ਕਮੀ ਹੋ ਗਈ ਸੀ। 14 ਮਈ ਸ਼ਾਮ ਨੂੰ ਛੇ ਵਜੇ ਦੇ ਕਰੀਬ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਹ ਕਿਸੇ ਵੀ ਜਾਣਨ ਸੁਣਨ ਵਾਲੇ ਲਈ ਬੜਾ ਵੱਡਾ ਸਦਮਾ ਸੀ ਕਿਉਂਕਿ ਅਭੈ ਸੰਧੂ ਦੀ ਸਿਹਤ ਚੰਗੀ ਸੀ। ਹਸਪਤਾਲ ਤੋਂ ਕਰੋਨਾ ਮੁਕਤ ਸਰਟੀਫਿਕੇਟ ਮਿਲਣ ਤੋਂ ਬਾਅਦ ਉਨ੍ਹਾਂ ਦਾ ਸਸਕਾਰ ਕੀਤਾ ਗਿਆ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

.................................................

# *Relevance Of the Namdhari Movement in Modern Times*

***A.S. Panesar***

**Importance during the British Empire:**

Namdhari Movement was started by Satguru Ram Singh Ji in 1857 to meet the challenge of British colonialism. British empire was the superpower of 19$^{th}$ century and like many other imperialist powers, was engaged in colonizing parts of the world for its benefit. **Colonialism represents the development of one thing at the cost of the other one. India was the most important possession of the British empire, which supplied soldiers for its army (which was the most important instrument in enslaving India itself!), raw materials for its industries and a market for the finished products.** British imperialist elite did all it could to keep India within its hold. After the unsuccessful Indian Sepoy mutiny of 1857, British rule was paramount in India. There was no one left, except Satguru Ram Singh Ji, to challenge the British imperialism. However, there was no army that could be formed, no princely states could dare to think about challenging the British rule. Moreover, the people were demotivated, had no other option but to live a life of slavery under the foreign rule. **It was during this most hopeless times, when Satguru Ram Singh Ji worked for India's salvation. The book '1000 Years, 1000 People: Ranking the Men and Women Who Shaped the Millennium'' by Agnes Gottlieb mentions about Satguru Ram Singh Ji and the difficult times in which he showed the path in the following words, 'Because these men (*the subjugated people of India*) were poor and from low castes, they had unquestionably accepted the British domination until (Guru Ram) Singh came along'.** Like Satguru Nanak Dev Ji, who had raised his voice against the unrivalled king Babur of North India, Satguru Ram Singh Ji started his work against the unrivalled British crown of entire India. Satguru Nanak Dev Ji and his successors had created an enabling environment whereby some people in the masses gained the courage and conviction to fight the mighty Mughal empire. All this took more than a hundred years and saw the light of the day in the formation of Khalsa by Satguru Gobind Singh Ji. Satguru Ram Singh Ji summed up this earlier effort in less than ten years! Starting from 1863, when the British Government took the first notice of the Namdhari Movement, by 1867, this campaign had become a formidable headache for the British crown. History is testimony to the fact that till India got independence in 1947, Namdhari Sikhs remained 'assured campaigners' against the British imperialism!

**At the time of Independence:**

In 1947, finally India became

independent. This period saw the unfortunate partition of the country and the accompanying violence and misery broke all records. **Even at this time, Satguru Partap Singh Ji was the only leader who made active efforts to save people's lives and their future. The rest were engaged in enjoying new power or campaigning for fake and futile popularity.** Due to efforts of Satguru Partap Singh Ji, those people who came under his preaching and protection, established themselves faster than anyone else in India.

**Since then:**

Namdhari Sikhs, the staunch opponents of British rule, now started tireless efforts towards the nation building. The present-day Jeevan Nagar and surrounding areas is an example of their efforts under SatguruJi's guidance. The contributions of Namdharis in agricultural technology, animal husbandry, national sports, societal welfare, community action, religious harmony, vegetarianism are exemplary. **It is incredible that Namdhari Sikhs, who discarded any kind of assistance from the British Government like endowments/education/participation in imperial politics, are noted for their contributions in various fields post-independence. The present-day Jeewan Nagar and the two dozen villages surroundings it are the stark example of development under the guidance of Satugru Partap Singh Ji.** If non-cooperation and boycott was the element of this movement during the pre-independence period, participation in nation-building is the defining element of this movement post-independence.

**Relevance of the movement now:**

More than 150 years old in origin, Namdhari movement has witnessed all facets of India's struggle for independence. Post-independence, it participated in meeting the challenges of the newly-liberated India. It has been 75 years since India's independence. **It is pertinent to ask: what is the relevance of this movement today, which incidentally is the oldest movement of India's freedom struggle still in action today.**

The modern world is more globalized than ever. Places are easier to visit, modes of transportation are capable of taking people and things in lesser time across the globe. However, locally, the people are falling apart emotionally. Family structures are breaking due to decreasing trust and increasing greed for money, local industries and small businesses are facing increasingly tough and biased competition from big corporate houses, international MNCs are bringing their own challenges, community cultures, traditions and values are succumbing to Western models. **In fact, at least four broad levels of colonialism can be found in modern era.** Exploitation of system and individuals is happening at the political, economic, social and cultural fronts. Therefore, in comparison to one British colonialism, the present period is marked by four types of colonialism, which too are happening on a broad scale at a fast pace. **Surprisingly, the formula devised by Satguru Ram Singh Ji to tackle British**

**colonialism, appears to be the only potent solution to meet the challenges posed today by the political, economic, social and cultural colonialisms.**

**Political colonialism:**

The last century saw the rise of democratic institutions everywhere in the world. Democracy takes the voice of people in framing the government. However, certain issues now concern most of the present democracies. One of them is the criminalization of politics. This refers to the phenomenon of law-breakers becoming law-makers by utilizing certain loopholes in the system or taking advantage of the weakened firewalls. This leads to a vicious circle, whereby the system that is meant to protect people ends up exploiting them. As democracy involves the voice of people, it equally becomes a responsibility of the public to make sure that the public institutions are corruption-free. For this, they need to reform themselves. Namdhari movement started with the work of reform. Namdhari movement has shown that if people become ethical and stand for righteousness with strong conviction, the oppressors will fail to impose their will. **Similarly, today, if people develop the ethics and conviction as exemplified in the Namdhari movement, public institutions would improve since it is these people from where the representatives come, it is these people who vote and choose and repeat the same procedure after a specified number of years again.**

**Economic colonialism:**

After reform of the people, the next step that Namdhari movement initiated was the boycott of the British merchandise. This is how Encyclopedia Britannica mentions Satguru Ram Singh Ji. This was a new and such a potent idea that it did not require any weapons to work. The act of ''boycotting'' itself was the potent weapon. Today, the world of advertising, branding and social media uses soft skills to influence people. Unnecessary things have become a necessity of life, just for a display of vanity fair. Moreover, a number of products harm the health. Satguru Ram Singh Ji brought people back in the fold of Sikhism. People, who were addicted and dependent of outward pleasures, became saints and shunned the extravaganza lifefstyle. This does not mean that they lived a life in forests, away from society. In fact, they were the only ones who were working for the overall societal benefit and national freedom. Satguru Ji had freed them from the material things and mental greed, both of which were used by British imperialism to win over people to their side and work for the British rule and against their own country. **Namdhari lifestyle is a wonderful example of how one can free oneself from unnecessary extravaganza. Incidentally, it is also the best solution for the social behavior and personal discipline required to meet the challenge of recent coronavirus pandemic.**

**Social colonialism:**

Namdhari movement came the brunt of not only foreign imperialist elites but the native pressure-groups supported by the British colonialism. Namdhari community has served the nation selflessly while being a

minority within a minority. Further, it faced continuous atrocities by the imperialism and its various social and economic manifestations of the times. Satguru Ram Singh Ji showed the way of Parallel-Governance. The social engagements, dispute settlement system, planning, etc. happened within the like-minded individuals in the community. **The sheer determination of Namdhari Sikhs and their trust in Satguru Ji made them strong enough to face the caprice and impacts of imperialism, social neglect and prejudiced attitude of society towards them.** Their struggle is an example of how a community can survive against all odds: political, economic and social, and keep progressing towards its goal.

**Cultural colonialism:**

While conscious efforts have been made by imperialist powbrunters in the past to enforce their cultures on the enslaved people, this is happening on a very large scale today, albeit unconsciously. A culture or tradition and its values must be based on humanitarian principles and no tradition that is detrimental to even one section of the society should be encouraged in any way. However, forsaking of values associated with cultures that have been progressively adapted over time in particular regions comes with issues in value-base of the society and even has economic repercussions. The increasing incidence of divorces and mistrust over trivial issues is one such example, which was not the norm in Asiatic societies in the pre-globalization period. Similarly, demeaning of one's own culture by influencers inflicted with inferiority complex is another challenge that native societies often deal with. **Satguru Ji showed the way of non-cooperation in areas that are detrimental to positive human development and kept alive the tradition of Khalsa in particular and Sikhism in general.** The preservation of cultural values associated with Sikhism is another glorious example and one cannot imagine the alternative order had Satguru Ji not resurrected the de-motivated people of Punjab at that time. The Namdhari lifestyle and its staunch practitioners are the golden example as strong maintainers of original Punjabi and Sikh culture, be that in the way they tie their turbans, the respect and importance that they give to womenfolk, or the habits and tradition of Gurbani and Kirtan recital that they cherish and are known for.

| S. No. | Challenge of colo nialism | Solution offered by Namdhari movement |
|---|---|---|
| 1. | Political | Reform in the general public |
| 2. | Economic | Boycott of unnecessary extravaganza |
| 3. | Social | Parallel governance for divergent goals |
| 4. | Cultural | Non -cooperation with detrimental elements |

Hence, the challenges of the modern era can be very effectively met by the four-fold programme of reform, parallel governance, non-cooperation and boycott, gifted to India and the world by the by the revelation and vision of Satguru Ram Singh Ji.

# ਬੀਤੇ ਦੀਆਂ ਪੈੜਾਂ

ਪ੍ਰੀਤਮ ਸਿੰਘ ਕਵੀ

(ਅਣਛਪਿਆ-ਭਾਗ)

**(ਪਿਛਲੇ ਅੰਕ ਤੋਂ ਅੱਗੇ)**

**(22-9-1986)**

**ਧਰਮਸਾਲਾ 55 ਵਿੱਚ ਸੇਠ ਭਗਵੰਤ ਸਿੰਘ-ਧੀਰ ਨਮਿਤ ਮੇਲਾ –** ਜਦ ਨੂੰ ਅਸੀਂ, ਕੋਠੀਓਂ ਹੋ ਕੇ ਧਰਮਸਾਲਾ 55 ਵਿਖੇ ਪਹੁੰਚੇ ਤਾਂ ਸੇਠ ਸੁਹੇਲ ਸਿੰਘ ਧੀਰ ਸੁਪਤਨੀਆਂ ਬੀਬੀ ਹਰਭਜਨ ਕੌਰ ਅਤੇ ਬੀਬੀ ਰਜਵੰਤ ਕੌਰ ਵੱਲੋਂ, ਸੇਠ ਜੀ ਦੀ ਯਾਦ, ਸੇਠ ਭਗਵੰਤ ਸਿੰਘ ਨਮਿਤ ਅਤੇ ਸਤਿਗੁਰੂ ਸਾਹਿਬਾਨ ਦੀ ਸਿਮਰਤੀ ਤੇ ਦਰਸ਼ਨ ਭੇਟ ਨਮਿਤ 16 ਪਾਠਾਂ ਦੇ ਭੋਗ ਪਾਏ ਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਾਧ ਸੰਗਤ ਨਾਮ ਸਿਮਰਨ, ਕਰ ਰਹੀ ਸੀ, ਹਾਲ ਸੰਗਤ ਨਾਲ ਭਰਪੂਰ ਸੀ। ਰਾਗੀਆਂ ਵੱਲੋਂ ਇੱਕ ਸ਼ਬਦ-'ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ' ਪੜ੍ਹੇ ਜਾਣ ਉਪਰੰਤ ਪ੍ਰੀਤਮ ਸਿੰਘ ਕਵੀ ਨੇ 20-25 ਮਿੰਟ ਤੱਕ ਸੇਠ ਧੀਰ ਦੇ ਸਮੇਂ ਦੀ ਯਾਦ ਅਤੇ ਸੇਠ ਭਗਵੰਤ ਸਿੰਘ ਦੇ ਬਾਰੇ ਵਿੱਚ ਕੁਛ ਸਮਾਂ, ਸ਼ਰਧਾਂਜਲੀ ਦੇ ਤੌਰ 'ਤੇ ਲਿਆ। ਇੱਕ ਪ੍ਰਭਾਵਸ਼ਾਲੀ ਕਵਿਤਾ ਸ. ਮਹਿੰਦਰ ਸਿੰਘ ਪ੍ਰੀਤ ਅਤੇ ਸ਼ਰਧਾਂਜਲੀ ਦੇ ਚੰਦ ਸ਼ਬਤ ਜਜ਼ਬਾਤ ਦੀਆਂ ਬੁਲੰਦੀਆਂ ਤੇ ਖਲੋਕੇ ਸੇਠ ਜਗਦੀਸ਼ ਸਿੰਘ ਨਰੂਲਾ ਨੇ ਆਖੇ।

**ਬਹੁਤ ਦੇਰ ਬਾਅਦ –** ਆਪਣੇ ਸੇਵਕ ਸੰਤ ਨਰੈਣ ਸਿੰਘ ਨਰੂਲਾ ਦੀ ਬੇਨਤੀ ਨੂੰ ਪਰਵਾਨ ਕਰਦਿਆਂ ਸੇਠ ਧੀਰ ਜੀ ਦੀ ਨੂੰਹ, ਵਿਧਵਾ ਸੇਠ ਭਗਵੰਤ ਸਿੰਘ, ਬੀਬੀ ਸਿਮਰਤ ਪਾਲ ਨੂੰ ਮੰਚ ਉੱਤੇ ਖਲੋ ਕੇ ਗੁਰੂ ਕੀ ਹਜ਼ੂਰੀ ਵਿੱਚ ਸ਼ਬਦ ਪੜ੍ਹਨ ਦੀ ਆਗਿਆ ਹੋਈ। ਪਤਲੇ ਸਰੀਰ ਤੇ ਸਫੈਦ ਬਸਤਰਾਂ ਵਾਲੀ ਬੀਬੀ ਨੇ ਬਹੁਤ ਦੇਰ ਬਾਅਦ ਕਿਤੇ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸ਼ਬਦ ਪੜ੍ਹਨ ਦਾ ਅਵਸਰ ਲੈ ਲਿਆ। ਆਮ ਕਰਕੇ ਸੱਚੇ ਪਾਤਸ਼ਾਹ ਬੀਬੀਆਂ ਨੂੰ ਅਜਿਹਾ ਮੌਕਾ ਦਿਆ ਨਹੀਂ ਕਰਦੇ। ਬੀਬੀ ਨੇ ਬੜੀ ਨਿਮ੍ਰਤਾ ਨਾਲ ਸ਼ਬਦ ਪੜ੍ਹਿਆ-

ਮਾਈ ਗੁਰ ਚਰਣੀ ਚਿਤੁ ਲਾਈਐ॥
ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ
ਸਦਾ ਸਦਾ ਹਰਿ ਧਿਆਈਐ॥੧॥

**ਸ੍ਰੀ ਸਤਿਗੁਰੂ ਜੀ ਵੱਲੋਂ ਬਖਸ਼ਸ਼ –** ਰਾਤ ਦੇ 7.20 ਹੋ ਚੁੱਕੇ ਸਨ। ਬੀਬੀ ਦੀ ਸ਼ਬਦ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੀ ਮਨੋ ਕਾਂਖਿਆ ਪੂਰੀ ਕੀਤੀ।

ਅੱਜ ਧਰਮਸਾਲਾ 55 ਵਿੱਚ ਜੁੜੀ ਸਮੁੱਚੀ ਸੰਗਤ ਦਾ ਲੰਗਰ ਧੀਰ ਪਰਵਾਰ ਵੱਲੋਂ ਸੀ।

**23 ਸਤੰਬਰ 1986, ਮੰਗਲਵਾਰ**
**ਬੰਕੋਕ, ਥਾਈਲੈਂਡ**

**ਸੇਠ ਸੁਖਦਰਸ਼ਨ ਸਿੰਘ-ਨੌਨਿਧ ਸਿੰਘ ਕੇ ਫਲੈਟਾਂ ਤੇ –** ਭਾਵੇਂ ਇਸ ਪਰਵਾਰ ਦੇ ਮੁਖੀ ਸੇਠ ਪਿਆਰਾ ਸਿੰਘ-ਬੀਬੀ ਪ੍ਰਕਾਸ਼ ਕੌਰ ਦੇਸ ਗਏ ਹੋਏ ਸਨ ਪਰ ਉਨ੍ਹਾਂ ਦੇ ਸਪੁੱਤਰਾਂ ਸੇਠ ਸੁਖਦਰਸ਼ਨ ਸਿੰਘ, ਨੌਨਿਧ ਸਿੰਘ ਪਰਿਵਾਰਾਂ ਨੇ ਅਰਜ਼ ਕਰਕੇ ਅੱਜ ਆਸਾ ਦੀ ਵਾਰ ਦਾ ਕੀਰਤਨ ਆਪਣੇ ਫਲੈਟਾਂ 'ਤੇ ਕਰਵਾਇਆ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਰਤਨ ਸਮੇਂ ਸਾਧ ਸੰਗਤ ਦੀ ਹਾਜ਼ਰੀ ਭਰਪੂਰ ਹੋ ਗਈ। ਪੌਣੇ ਛੇ ਵਜੇ ਵਾਰ ਦਾ ਭੋਗ ਪਿਆ ਤਾਂ ਸਾਧ ਸੰਗਤ ਵਾਸਤੇ ਨਾਸ਼ਤਾ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਨੇ ਵੀ ਏਥੇ ਹੀ ਫਲਾਹਾਰ ਕੀਤਾ।

ਅੱਜ ਮੈਂ ਕੀਰਤਨ ਸਮੇਂ ਦਰਸ਼ਨ ਦਾ ਸੁਭਾਗ ਹਾਸਲ ਨਹੀਂ ਕਰ ਸਕਿਆ। ਆਪਣੇ ਡੇਰੇ 1515 ਸੁਖੁਮਵਿਟ ਹੀ ਰਿਹਾ।

ਸੇਠ ਪਿਆਰਾ ਸਿੰਘ ਪਰਿਵਾਰਾਂ ਨੂੰ ਨਿਵਾਜ ਸੱਚੇ ਪਾਤਸ਼ਾਹ ਜੀ ਨੇ ਕੁਛ ਹੋਰ ਪਰਿਵਾਰਾਂ 'ਤੇ ਬਖਸ਼ਸ਼ ਕੀਤੀ। ਅੱਜ ਹੇਠ ਲਿਖੇ ਘਰੀਂ ਚਰਨ ਪਾਏ-

1. ਸ. ਨਿਰੰਕਾਰ ਸਿੰਘ ਗੋਰੇਵਾੜਾ, ਫੌਰਹਟ, ਦੁਕਾਨ
2. ਇਨ੍ਹਾਂ ਦੇ ਦਾਮਾਦ ਸ਼੍ਰੀ ਰੌਸ਼ਨ ਲਾਲ, ਚਰਨ ਰਤਨ, ਘਰ
3. ਸ. ਸਤਨਾਮ ਸਿੰਘ ਸੇਠੀ, ਥੌਨਪੁਰੀ, ਘਰ
4. ਸ. ਰਤਨ ਸਿੰਘ ਚਾਵਲਾ, ਵਾਙ ਮਨ ਜਾਇ, ਘਰ
5. ਸੰਤ ਬਿਅੰਤ ਸਿੰਘ ਸੋਖਲ, ਧਰਮਸਾਲਾ, ਵਾਙ ਮਨ ਜਾਇ, ਘਰ

(ਹੋਰ ਘਰਾਂ ਦੀ ਫਹਿਰਿਸਤ ਨਹੀਂ ਮਿਲੀ)

**ਸੇਠ ਸੁਰੰਮ੍ਰਿਤ ਸਿੰਘ ਦੇ ਬੰਗਲੇ –** 10.30 ਹੋਏ ਤਾਂ ਸ੍ਰੀ ਸਤਿਗੁਰੂ ਜੀ ਸਮੇਤ ਸਿੱਖਾਂ ਸੇਵਕਾਂ ਦੇ ਆਪਣੇ ਡੇਰੇ 1515 ਸੁਖੁਮਵਿਟ ਸੇਠ ਸੁਰੰਮ੍ਰਿਤ ਸਿੰਘ ਦੇ ਬੰਗਲੇ ਸ. ਪ੍ਰਿਥੀਪਾਲ ਸਿੰਘ ਖਾਣੀਜੋਂ ਦੀ ਮਾਟਾਡੋਰ ਤੋਂ ਆਣ ਉਤਰੇ।

ਤਦ ਤੱਕ ਸਾਡੇ ਜਥੇ 'ਚੋਂ ਕੁਛ ਸਰੀਰ ਸਿੰਘਾਪੁਰ ਜਾਣ ਲਈ ਹਵਾਈ ਅੱਡੇ 'ਤੇ ਚਲੇ ਗਏ। ਇਹ ਸਨ–

1. ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ
2. ਸ. ਸੁਖਵਿੰਦਰ ਸਿੰਘ ਪਿੰਕੀ
3. ਸੰਤ ਅਵਤਾਰ ਸਿੰਘ ਘੁੰਮਣ
4. ਘੁੰਮਣ ਪਤਨੀ
5. ਸ. ਸੁਖਦੇਵ ਸਿੰਘ ਸੰਧੂ ਸੰਤ ਨਗਰ
6. ਸੰਧੂ ਪਤਨੀ
7. ਸ. ਹਰਵਿੰਦਰ ਸਿੰਘ ਹੰਸਪਾਲ
8. ਬੀਬੀ ਚਰਨਜੀਤ ਕੌਰ

ਇਹ ਸਾਰੇ 9.30 ਤੋਂ ਹੀ ਡੇਰਿਓਂ ਕੂਚ ਕਰ ਗਏ ਸਨ। ਇਹਨਾਂ ਸਿੰਘਾਪੁਰ ਵੇਖਣਾ-ਚਾਖਣਾ ਵੀ ਸੀ ਤੇ ਖਰੀਦਦਾਰੀ ਵੀ ਕਰਨੀ ਸੀ।

**ਨੈਰੋਬੀ ਤੋਂ ਫੋਨ –** ਸ੍ਰੀ ਸਤਿਗੁਰੂ ਜੀ ਪ੍ਰਸ਼ਾਦ ਛਕਣ ਹਿਤ ਇਸ਼ਨਾਨ ਕਰਨ ਦੀ ਤਿਆਰੀ ਵਿੱਚ ਸਨ ਕਿ ਸੂਬਾ ਕਿਰਪਾਲ ਸਿੰਘ ਜੀ ਕਾਹਲੀ ਕਾਹਲੀ ਪੌੜੀਆਂ ਚੜ੍ਹੇ : ਜੀ ਨੈਰੋਬੀ ਤੋਂ ਫੋਨ ਹੈ।

ਸੱਚੇ ਪਾਤਸ਼ਾਹ ਜੀ ਨੇ ਕੁਰਤਾ ਪਹਿਨਿਆ ਅਤੇ ਟੈਲੀਫੋਨ ਪਾਸ ਪਧਾਰੇ।

....... ਚੁੱਕਿਆ : ਤੁਹਾਡਾ ਫੋਨ ਸੁਣ ਕੇ ਦੁਬਾਰਾ ਕੱਪੜੇ ਪਹਿਨ ਕੇ ਆਇਆਂ।

...........

ਤੁਸਾਂ ਹੀ ਕਰਨਾ ਹੈ, ਜੋ ਕਰਨਾ ਹੈ।

...........

ਤੁਹਾਨੂੰ ਜਸਵਿੰਦਰ ਨੇ ਮੇਰੇ ਬਾਰੇ ਦੱਸਿਆ?

...........

ਠੀਕ ਹੈ। ਹਾਂ, ਹਾਂ, ਠੀਕ ਹੈ। (ਅਤੇ ਫਿਰ ਅਨੇਕਾਂ ਵਾਰ ਹਾਂ ਜੀ ਹਾਂ ਜੀ)

...........

ਉਹ ਜ਼ਿਆਦਾ ਗ੍ਰਿਸਤੀ ਆਦਮੀ ਹਨ। ਘਰੋਂ ਨਿਕਲਣਾ ਉਹਨਾਂ ਲਈ ਮੁਸ਼ਕਲ ਹੋਵੇਗਾ। ਹੋਰ ਵੇਖਦੇ ਹਾਂ।

...........

ਸੱਚੇ ਪਾਤਸ਼ਾਹ ਕਿਰਪਾ ਕਰਨ। ਜਿਵੇਂ ਤੁਸੀਂ ਸੋਚਦੇ ਹੋ ਠੀਕ ਹੋਵੇਗਾ।

...........

ਮੇਰੇ ਵਾਲਾ ਸੰਪਰਕ ਸਾਧ ਸੰਗਤ ਨਾਲ ਬਣ ਜਾਵੇ ਤਾਂ ਠੀਕ ਹੈ।

...........

ਗੁਰਮੇਲ ਹੁਰਾਂ ਦਾ ਕੀ ਹਾਲ ਹੈ?

...........

ਉਹਨਾਂ ਨਾਲ ਮੇਰੇ ਵਲੋਂ ਅਫਸੋਸ ਕਰ ਆਉਣਾ।

ਉਂਜ ਮੈਂ ਫੋਨ ਤੇ ਗੱਲਬਾਤ ਕਰ ਲਈ ਸੀ। ਇੱਕ ਮਿੰਟ ਹੋਲਡ ਕਰਿਓ!

(ਏਨੇ ਨੂੰ ਨਿਜੀ ਸਕੱਤਰ ਤਰਸੇਮ ਸਿੰਘ ਆ ਗਿਆ। ਉਸ ਨਾਲ ਸਲਾਹ ਕਰਕੇ) ਪ੍ਰਧਾਨ ਜੀ, ਸੂਬਾ ਜੀ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਆਖ ਕੇ ਟੈਲੀਫੋਨ ਕਰਵਾਣਾ।

...........

ਪੰਡਤ ਹਰਭਜਨ ਸਿੰਘ ਹੁਰਾਂ ਨਾਲ ਇੱਕ ਬੰਦਾ ਹੋਰ ਦੇ ਕੇ ਏਥੇ ਘੱਲਾਂਗੇ। ਦੀਵਾਨ ਵੀ ਲਾ ਲਿਆ ਕਰਨਗੇ।

...........

ਇਹ ਗੱਲ ਸਤਵੰਤ ਸਿੰਘ ਨੂੰ ਨਾ ਦੱਸਣੀ। ਅਜੇ ਵਕਤ ਨਹੀਂ।

...........

ਕੁਲਦੀਪ ਦਾ ਕੀ ਹਾਲ ਹੈ?

(ਸਾਰੇ ਪਰਵਾਰ ਦੇ ਨਾਮ ਲੈ ਕੇ ਸਤਿ ਸ੍ਰੀ ਅਕਾਲ)

ਕੁਲਦੀਪ ਨੂੰ ਕਹਿਣਾ ਸਕੇਸ਼ ਸ਼ਨਾਨ ਕਰਿਆ ਕਰੇ ਅਤੇ ਇੱਕ ਘੰਟਾ ਨਾਮ ਸਿਮਰਨ ਜ਼ਰੂਰ ਕਰੇ।

ਅਤੇ ਫੋਨ ਧਰ ਦਿੱਤਾ ਗਿਆ।

ਏਨੇ ਚਿਰ ਨੂੰ ਸੇਠ ਤਰਲੋਕ ਸਿੰਘ ਆ ਗਏ। ਫਿਰ ਉਨ੍ਹਾਂ ਨੂੰ ਲੈ ਕੇ ਸਤਿਗੁਰੂ ਜੀ ਇਕਾਂਤ ਵਿੱਚ ਹੋ ਗਏ।

**ਸੇਠ ਤਰਲੋਕ ਸਿੰਘ ਦੀ ਪਰੇਸ਼ਾਨੀ –** ਸੇਠ ਤਰਲੋਕ ਸਿੰਘ ਸ੍ਰੀ ਸਤਿਗੁਰੂ ਜੀ ਵੱਲੋਂ ਵਿਹਲੇ ਹੋ ਕੇ ਮੈਨੂੰ ਵੱਖਰੇ ਲੈ ਗਏ। ਉਨ੍ਹਾਂ ਦੱਸਿਆ : ਅੱਜ ਮੈਂ ਚਿਤੋਂ ਔਖਾ ਹਾਂ। ਹੰਸਪਾਲ-ਸੁਰਿੰਦਰ ਹੁਰਾਂ ਦਾ ਸੁਰੰਮ੍ਰਿਤ ਸਿੰਘ ਨਾਲ ਗੁੜਗਾਉਂ ਫਾਰਮ ਬਾਰੇ ਰੌਲਾ ਸੀ। ਇਸ ਲੇਖੇ-ਪਤੇ ਦਾ ਸਹੀ ਢੰਗ ਨਾਲ ਨਿਪਟਾਰਾ ਕਰਵਾਣ ਲਈ ਹਰਮਹਿੰਦਰ ਸਿੰਘ ਮੇਰੇ ਸਾਂਢੂ ਰਾਹੀਂ ਜਤਨ ਹੋਏ। ਇਸ ਤੋਂ ਪਤਾ ਲੱਗਿਆ ਹੈ ਕਿ ਹੰਸਪਾਲ ਅਤੇ ਸੁਰਿੰਦਰ ਸਿੰਘ ਨੇ ਸੁਰੰਮ੍ਰਿਤ ਤੋਂ 12-14 ਲੱਖ ਰੁਪੈਆ ਲੈ ਲਿਆ ਸੀ 1984 ਵਿੱਚ ਹੀ। ਪਰ ਪਹਿਲਿਆਂ ਦੋਹਾਂ ਨੇ, ਮੇਰੇ ਨਾਲ ਵਾਅਦਾ ਖਿਲਾਫੀ ਕਰਕੇ ਰਕਮ ਆਪਣੀ ਉਸਾਰੀ ਵਿੱਚ ਲਾ ਲਈ। ਉਹ ਰਕਮ ਇਹਨਾਂ ਵਲੋਂ ਮੈਨੂੰ ਦੇਣੀ ਬਣਦੀ ਸੀ।

**ਚਲਦਾ.......**

# A Saga Of Sri Satguru Jagjit Singh Ji

**Dr. Sharada Jayagovind**

**S**atguru Jagjit Singh ji knew that he had to harness the power of the Namdhari youth and build a community which was spiritually, economically and culturally strong. As a first step towards this, Patsha ji organised several Namdhari Vidyak Jatha youth conferences.

The first Namdhari Vidyak Jatha was convened on 1 st September, 1962 at Sri Bhaini Sahib. Satguru Jagjit Singh ji gave a call to the graduates within the community. In the 1960s, there was only a handful of graduates in the Namdhari community. Harvinder Singh Hanspal, ex Member of Parliament and Inder Singh Namdhari were among them.

Satguru Jagjit Singh ji wanted the Namdhari youth to excel in studies but at the same time reminded them to be rooted in their tradition and culture. The young men and women were not confident enough to claim their Namdhari heritage and were self-conscious about wearing the white kurta, pyjama and the round turban to schools and colleges. Those were the heady days of Westernization, hippie culture and pop music. Everything Western was considered acceptable and fashionable.

Patsha ji spoke to the Namdhari youth on the sacrifices made by their ancestors and the need to take pride in one's history and culture. He wanted them to become doctors, engineers and judges. But first and foremost they had to be good Sikhs and proclaim to the world the greatness of the Namdhari religion and tradition.

Harbhajan Singh, Suba of Ludhiana and a wealthy businessman, recalls the charm of those days. Satguru Jagjit Singh ji would sit with the youth under the banyan tree in Sri Bhaini Sahib and talk with each one of them. Those were exclusive sessions and no elders would be allowed to participate in those discussions.

Patsha ji established a close rapport with the youth and would listen patiently to their hopes and aspirations. He would ask them about their families and respond to any question. He would explain the significance of wearing white clothes which is symbolic of purity and how it brings in uniformity, wiping away the difference of money, caste and status. It also promotes simplicity and avoids extravagant expense on clothes and fashion. Satguru Jagjit Singh ji said the money thus saved could be used to educate children or be invested in business or given away in charity.

During one such session with Patsha ji, Suba Harbhajan Singh's elder brother, S. Jagmohan Singh, who was in his late teens, felt uncomfortable because of his modest upbringing. His father

had embraced Namdhari Sikhism after listening to a discourse of Pandit Gopal Singh ji. The youngster told Satguru Jagjit Singh ji:

"Patsha ji, I have no illustrious family or Kuka ancestors to boast of. We are poor."

Satguru Jagjit Singh ji called him near and pointing to all other youth gathered there, said:

"From today this is your family, you are no longer alone."

It is this kind of gesture which brought an immediate bonding between the disciple and the Guru. Patsha ji showered unconditional love and affection on all and the youth were drawn to him. He was virtually their father and Guru and they were more attached to Patsha ji than to their own parents.

Satguru Jagjit Singh ji treated the youth in such a friendly manner that often they forgot that he was their Guru and considered him a friend. Sadhu Singh Kisan, son of Sant Taran Singh Vahimi (author of Jas Jivan) recalls:

"One day when we were working together in Sri Jiwan Nagar I felt so close to Patsha ji, I told him, 'I do not consider you my Guru, you are my friend."

Satguru Jagjit Singh ji responded with a smile and continued working.

Sadhu Singh Kisan reported this matter to his father. The father was aghast. He read out relevant sections from the Guru Granth Sahib, which highlighted the divinity of the Guru, and admonished his son for being playful and disrespectful. He instructed his son to seek the pardon of the Satguru.

Sadhu Singh Kisan rushed to Sri Bhaini Sahib, fell at the feet of Patsha ji and sought forgiveness. Again with an enigmatic smile, Satguru Jagjit Singh ji welcomed and accepted him. Patsha ji was neither annoyed when he was not considered a Guru nor was he elated when Kisan ji sought his pardon.

Satguru Jagjit Singh ji called for a meeting of Namdhari youth in 1964 at Mandi, Himachal Pradesh, which was attended by few hundred youths. During this meet, Patsha ji interacted with them closely and expressed his desire to mould them into a force for social uplift of their community. He promised to give them exclusive time during the following youth meet. This information was published in Satjug magazine and it had a tremendous impact.

In 1965, a meet of all local vidyak jathas was held in Sri Bhaini Sahib to form the organization called Sarab Hind Namdhari Vidyak Jatha. Namdhari youth, especially boys from all over India, as far as Delhi, Jammu and Himachal Pradesh, gathered in large numbers at this meet.

Jagdish Singh Waryam ji recalls his experience. When Satguru Jagjit Singh ji asked him to attend the first Vidyak Sammelan of 1965 at Sri Bhaini Sahib, Waryam ji was a young man. He told Satguru Jagjit Singh ji:

"Patsha ji, please excuse me. I may not be able to come to this sammelan as I have opened a shop very recently."

*To be continued......*

# ਕਵਿਤਾ

## ਓ ਹਾਕਮ

ਕੁਝ ਤੇ ਸੋਚ ਵਿਚਾਰ ਓ ਹਾਕਮ।
ਗੱਲਾਂ ਨਾਲ ਨਾ ਸਾਰ ਓ ਹਾਕਮ।
ਰੁਲ ਗਏ ਨੇ ਕਿਰਸਾਨ ਵਿਚਾਰੇ,
ਲੈ ਉਹਨਾਂ ਦੀ ਸਾਰ ਓ ਹਾਕਮ।
ਉਹ ਵੀ ਏਸੇ ਦੇਸ਼ ਚ ਵੱਸਦੇ,
ਏਨੀ ਵੀ ਕੀ ਖਾਰ ਓ ਹਾਕਮ।
ਕਿੱਲਾਂ ਕਾਂਟੇ ਸੜਕਾਂ ਉੱਤੇ,
ਵਲੀ ਚੁਫੇਰੇ ਤਾਰ ਓ ਹਾਕਮ।
ਸੋਚੇਂ ਨਾ ਅੰਨ ਜਿਸਦਾ ਖਾ ਕੇ,
ਮਾਰੇਂ ਰੋਜ ਡਕਾਰ ਓ ਹਾਕਮ !
ਚੰਗਾ ਨਹੀਂ ਤੋੜਨਾ ਤਾਲਾ,
ਬਣ ਕੇ ਚੌਂਕੀਦਾਰ ਓ ਹਾਕਮ।
ਕਰਜੇ ਅੰਦਰ ਗਲ ਗਲ ਡੁੱਬੇ,
ਮਰਿਆਂ ਨੂੰ ਨਾ ਮਾਰ ਓ ਹਾਕਮ।
ਇੱਕ ਕਾਲ ਦੀ ਦੂਰੀ ਕਹਿ ਕੇ,
ਏਦਾਂ ਹੀ ਨਾ ਸਾਰ ਓ ਹਾਕਮ।
ਨਜ਼ਰਾਂ ਕਿਓਂ ਚੁਰਾਉਂਦਾ ਏਂ ਹੁਣ,
ਕਰ ਖਾਂ ਅੱਖੀਆਂ ਚਾਰ ਓ ਹਾਕਮ।
ਚਾਰ ਚੁਫੇਰੇ ਚਰਚਾ ਚੱਲੇ,
ਏਨਾ ਕੀ ਹੰਕਾਰ ਓ ਹਾਕਮ?
ਹੱਲ ਜਦ ਕਰਨੈ ਤੂੰ ਹੀ ਕਰਨੈ,
ਹੁਣ ਤੇ ਵਕਤ ਵਿਚਾਰ ਓ ਹਾਕਮ।
ਵੇਖ 'ਬਾਜਵਾ' ਤੇਰੇ ਵੱਲ ਹੀ,
ਵੇਖ ਰਿਹੈ ਸੰਸਾਰ ਓ ਹਾਕਮ।

**ਲਖਵਿੰਦਰ ਸਿੰਘ ਬਾਜਵਾ**

## ਲਾਸ਼ਾਂ ਢੋਂਦੀ ਗੰਗਾ

**(ਪਾਰੁਲ ਖੱਖਰ ਦੀ ਇਹ ਗੁਜਰਾਤੀ ਕਵਿਤਾ ਹੁਣ ਤੱਕ ਛੇ ਭਸ਼ਾਵਾਂ ਤੋਂ ਵੱਧ ਵਿੱਚ ਅਨੁਵਾਦ ਹੋ ਚੁੱਕੀ ਹੈ- ਸੰਪਾਦਕ)**

ਕੱਠੇ ਹੋ ਸਭ ਮੁਰਦੇ ਬੋਲੇ,
"ਸਭ ਕੁਛ ਚੰਗਾ ਚੰਗਾ"
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ

ਸ਼ਮਸ਼ਾਨ ਘਾਟ ਸਭ ਭਰ ਗਏ ਤੇਰੇ,
ਲੱਕੜਾਂ ਬਲ ਬਲ ਮੁੱਕੀਆਂ।
ਥੱਕ ਗਏ ਨੇ ਮੋਢੇ ਸਾਰੇ,
ਅੱਖੀਆਂ ਰੋ ਰੋ ਸੁੱਕੀਆਂ।
ਦਰ ਦਰ ਜਾ ਜਮਦੂਤ ਖੇਲਦੇ,
ਮੌਤ-ਨਾਚ ਬੇਢੰਗਾ।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਦਿਨ ਰਾਤ ਜੋ ਬਲਣ ਚਿਤਾਵਾਂ,
ਰੋਕ ਨਾ ਪੈਂਦੀ ਪਲ ਭਰ।
ਟੁੱਟੀ ਜਾਂਦੇ ਗਜਰੇ ਵੰਙਾਂ,
ਛਾਤੀਆਂ ਪਿੱਟਣ ਘਰ ਘਰ।
ਲਾਟਾਂ ਦੇਖ ਵੀ ਮੱਛਰੀ ਫਿਰਦੀ,
ਜੋੜੀ 'ਬਿੱਲਾ-ਰੰਗਾ'।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਰਾਜਨ ਤੇਰੇ ਉਜਲੇ ਵਸਤਰ,
ਕਹਿਣ ਤੂੰ ਰੱਬੀ ਜੋਤੀ।
ਤੂੰ ਜੋ ਸੀ ਪੱਥਰ ਤੋਂ ਭੈੜਾ,
ਰਹੇ ਸਮਝਦੇ ਮੋਤੀ।
ਹਿੰਮਤ ਹੈ ਤਾਂ ਬੋਲੋ ਭਾਈ,
ਸਾਡਾ ਰਾਜਨ ਨੰਗਾ।
ਰਾਜਨ ਤੇਰੇ ਰਾਮਰਾਜ ਵਿੱਚ
ਲਾਸ਼ਾਂ ਢੋਵੇ ਗੰਗਾ।

**(ਪੰਜਾਬੀ ਅਨੁਵਾਦ: ਜਸਵੰਤ ਜ਼ਫ਼ਰ)**

# ਸੁੱਚੇ ਮੋਤੀ

## ਮੇਰੀ ਪ੍ਰਸੰਨਤਾ ਦਾ ਅੰਦਾਜਾ ਲਾਓ

ਮੈਨੂੰ (ਕਵੀ ਪ੍ਰੀਤਮ ਸਿੰਘ) ਵੀ ਇੱਕ ਵਾਕਿਆ ਯਾਦ ਆਇਆ ਆਪਣੇ ਸ਼ਾਹ ਬਣਨ ਦਾ। ਦਿੱਲੀ ਵਿਖੇ ਸਤਿਗੁਰੂ ਜੀ ਪ੍ਰਸਿੱਧ ਸੰਗੀਤਕਾਰ ਓਂਕਾਰ ਠਾਕੁਰ ਜੀ ਨੂੰ ਮਿਲ ਕੇ ਬਾਹਰ ਆਏ ਤਾਂ ਸਤਿਗੁਰਾਂ ਮੈਨੂੰ ਪੁੱਛਿਆ- "ਕੋਈ ਪੈਸੇ ਕੋਲ ਹੈ ਜੇ?"

ਮੈਂ 'ਹਾਂ' ਕੀਤੀ ਤੇ ਪੁੱਛਿਆ- "ਕੀ ਲੋੜ?"

ਹਜ਼ੂਰ ਨੇ ਦੱਸਿਆ- "ਆਪਣੀ ਗੱਡੀ ਏਥੇ ਹੈ ਨਹੀਂ। ਗੁਲਜ਼ਾਰ ਸਿੰਘ (ਉਸ ਵੇਲੇ ਦਾ ਹਜ਼ੂਰੀ ਸੇਵਕ) ਸਾਨੂੰ ਰੁੱਝਿਆਂ ਜਾਣ ਕਿਤੇ ਲੈ ਗਿਆ ਹੈ, ਆਪਾਂ ਟੈਕਸੀ ਲਈਏ ਤੇ ਘਰ ਚੱਲੀਏ।"

ਇੱਕ ਨਿਮਾਣਾ-ਨਿਤਾਣਾ ਆਦਮੀ ਕਿੰਨੀ ਪ੍ਰਸੰਨਤਾ ਅਨੁਭਵ ਕਰ ਰਿਹਾ ਹੋਵੇਗਾ, ਜ਼ਰਾ ਅੰਦਾਜ਼ਾ ਲਾਓ।

## ਰਜ਼ਾ ਵਿੱਚ ਸੁਖ

13 ਨਵੰਬਰ 1977 ਈ. ਨੂੰ ਦਿੱਲੀ ਵਿਖੇ ਗੱਲਬਾਤ ਦੌਰਾਨ ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ) ਨੇ ਵਲਾਇਤ ਖਾਂ ਸਾਹਿਬ ਨੂੰ ਦੱਸਿਆ- ਬੈਂਗਲੌਰ ਫਾਰਮ ਦੀ ਖਰੀਦ ਸਮੇਂ, ਬਿਆਨਾ ਦਿੱਤੇ ਹੋਣ ਬਾਅਦ 13 ਮਹੀਨੇ ਤੱਕ ਰਜਿਸਟਰੀ ਨਹੀਂ ਹੋ ਸਕੀ। ਤਦ ਤੱਕ ਜ਼ਮੀਨ ਮਾਲਕਾਂ ਨੇ ਸਾਨੂੰ ਫਾਰਮ ਵਿੱਚ ਦਾਖਲ ਨਾ ਹੋਣ ਦਿੱਤਾ, ਪਰ ਆਪ ਸਾਡੇ ਨਾਲ ਤੈਅ ਸ਼ੁਦਾ ਸੌਦੇ ਵਿੱਚੋਂ ਕਿੰਨਾ ਸਾਰਾ ਸਾਮਾਨ ਉੜਾ ਲਿਆ। ਰਜਿਸਟਰੀ ਹੋ ਜਾਣ ਪਿੱਛੋਂ ਸਾਡੇ ਬੰਦੇ ਸ਼ਕਾਇਤ ਲਿਆਏ ਕਿ "ਆਹ ਵੀ ਨਹੀਂ, ਅਹੁ ਵੀ ਲੈ ਗਏ।" ਮੇਰਾ (ਸਤਿਗੁਰੂ ਜਗਜੀਤ ਸਿੰਘ) ਇੱਕੋ ਉੱਤਰ ਸੀ- "ਜੋ ਸਤਿਗੁਰੂ ਦੀ ਰਜ਼ਾ ਹੈ, ਓਸੇ ਵਿੱਚ ਸੁੱਖ ਹੈ। ਉਹ ਚੀਜ਼ਾਂ ਉਹਨਾਂ ਦੀਆਂ ਹੀ ਹੋਣਗੀਆਂ ਤਾਂ ਹੀ ਲਿਜਾ ਸਕੇ ਨੇ, ਨਹੀਂ ਤਾਂ ਬੇਮਤਲਬੇ ਰਜਿਸਟਰੀ ਲਟਕਾਅ ਦਾ ਕਾਰਨ ਹੀ ਨਾ ਬਣਦਾ।"

## ਬਾਬਾ ਕਿਸ਼ਨ ਸਿੰਘ ਦੀਆਂ ਤਰਜਾਂ

ਬਾਬਾ ਕਿਸ਼ਨ ਸਿੰਘ ਜੋ ਕਦੇ ਸੰਤ ਲਾਲ ਸਿੰਘ ਭੂਰੇ ਗਿੱਲੀਆਂ ਦੇ ਲੜਕੇ ਭਾਈ ਪ੍ਰਤਾਪ ਸਿੰਘ ਨਾਲ ਮਿਲ ਕੇ ਕੀਰਤਨ ਕਰਿਆ ਕਰਦਾ ਸੀ, ਨਮਸਕਾਰ ਕਰਕੇ ਉੱਠਿਆ ਤਾਂ ਸਤਿਗੁਰਾਂ (ਸਤਿਗੁਰੂ ਜਗਜੀਤ ਸਿੰਘ) ਮੋਢਾ ਥਪਥਪਾ ਕੇ ਉਸਨੂੰ ਸਨਮਾਨਿਆ। ਬਜ਼ੁਰਗ ਮਸਤਾਨਾ ਹੋ ਗਿਆ। ਸਾਹਮਣੇ ਲੱਗੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਵੇਖ ਕੇ, ਓਧਰ ਹੱਥ ਉਠਾ ਕੇ ਕਹਿਣ ਲੱਗਾ- "ਇਹਨਾਂ ਨੇਤਰਾਂ ਦੀ ਝਲਕ ਤੁਹਾਡੇ ਨੇਤਰਾਂ ਵਿੱਚੋਂ ਦੀ ਲੱਭਦੀ ਹੈ। ਜਦੋਂ ਕਦੇ ਇਹਨਾਂ ਦੇ ਦਰਸ਼ਨ ਕਰਦਾ ਸਾਂ, ਨੈਣ ਭਰ ਵੇਖ ਕੇ ਨਿਹਾਲ ਕਰ ਦਿੰਦੇ ਸਨ। ਹੁਣ ਆਪ ਜੀ ਵਿੱਚ ਵੀ ਉਹੋ ਨੂਰ ਦਿਸਦਾ ਹੈ।"

ਫਿਰ ਉਸਨੇ ਸਤਿਗੁਰੂ ਜੀ ਨੂੰ ਮੁਖਾਤਬ ਕਰਦਿਆਂ ਆਪ ਜੀ ਦੇ ਚਿਹਰੇ ਵੱਲ ਹੱਥ ਲੈ ਜਾ ਕੇ, ਪੁਰਾਣੇ ਸਮੇਂ ਦੀਆਂ ਇੱਕ ਦੋ ਸ਼ਬਦ-ਤਰਜ਼ਾਂ ਸੁਣਾਈਆਂ ਤੇ ਭਰਪੂਰ ਸੁਖੀ ਹੋ ਕਮਰੇ ਦੀ ਨੁੱਕਰੇ ਜਾ ਬੈਠਾ।

**'ਸੁਖਨ ਏ ਬੇਅੰਤ' ਵਿਚੋਂ**

## ਬੱਚਿਆਂ ਦਾ ਪੰਨਾ

# ਕੀੜੀ

**ਮਨਮੋਹਨ ਸਿੰਘ ਦਾਊਂ**

ਕੀੜੀ ਸੀ ਇੱਕ ਨਿੱਕੜੀ, ਰਹਿੰਦੀ ਛੱਪੜ ਕੋਲ,
ਕੰਢੇ ਉਸ ਦੇ ਉੱਗਿਆ, ਪਿੱਪਲ ਇੱਕ ਅਡੋਲ।
ਗਰਮੀ ਤਪਦੀ ਰੁੱਤ ਸੀ, ਕੀੜੀ ਨੂੰ ਸੀ ਪਿਆਸ,
ਤੁਰਦੀ-ਤੁਰਦੀ ਪੁੱਜ ਗਈ, ਡੂੰਘੇ ਛੱਪੜ ਪਾਸ।
ਤੱਕ ਕੇ ਪਾਣੀ ਖਿੜ ਗਈ, ਡਿੱਗੀ ਛੱਪੜ ਵਿੱਚ,
ਪਾਣੀ ਪੀਣਾ ਭੁੱਲ ਗਈ, ਕਰੇ ਘੜਿੱਚ-ਘੜਿੱਚ।
ਤਰਲੇ ਲੱਗੀ ਲੈਣ ਫਿਰ, ਕਿੰਜ ਬਚਾਏ ਜਾਨ,
ਪਿੱਪਲ ਬੈਠੇ ਕਬੂਤਰ ਨੂੰ, ਆਇਆ ਝੱਟ ਧਿਆਨ।
ਪੱਤਾ ਉਸ ਨੇ ਤੋੜ ਕੇ, ਸੁੱਟਿਆ ਕੀੜੀ ਕੋਲ,
ਕੀੜੀ ਪੱਤੇ ਚੜ੍ਹ ਗਈ, ਲੱਗੀ ਕਰਨ ਕਲੋਲ।
ਤਰਦਾ ਪੱਤਾ ਲੱਗਿਆ, ਛੱਪੜ ਕੰਢੇ ਆਣ,
ਛੱਪੜ ਡਿੱਗੀ ਕੀੜੀ ਦੀ ਬਚ ਗਈ ਸੀ ਜਾਨ।
ਕੀੜੀ ਕਹੇ ਕਬੂਤਰ ਨੂੰ, ਧੰਨ ਤੂੰ ਮੇਰਾ ਵੀਰ,
ਰੱਖੇ ਜਿਹੜਾ ਹੌਂਸਲਾ, ਜਾਵੇ ਨਦੀਆਂ ਚੀਰ।

ਕਿੰਨੇ ਦਿਨ ਫਿਰ ਲੰਘ ਗਏ, ਪਿੱਪਲ ਝੂਮੇ ਨਿੱਤ,
ਪੰਛੀ ਮੌਜਾਂ ਮਾਣਦੇ, ਸੋਹਣੀ-ਸੋਹਣੀ ਦਿੱਖ।
ਇੱਕ ਸ਼ਿਕਾਰੀ ਆਣ ਕੇ, ਪਿੱਪਲ ਮਾਰੀ ਝਾਤ,
ਦੇਖ ਕਬੂਤਰ ਬੈਠਿਆ, ਲਾਉਣੀ ਸੋਚੀ ਘਾਤ।
ਫੜ੍ਹ ਕੇ ਹੱਥ ਬੰਦੂਕ ਉਹ, ਲੱਗਾ ਨਿਸ਼ਾਨਾ ਲਾਣ,
ਕੀੜੀ ਨੇ ਝੱਟ ਵੇਖਿਆ, ਕਬੂਤਰ ਹੈ ਬੇਧਿਆਨ।
ਗੋਲੀ ਜੇਕਰ ਚੱਲ ਗਈ, ਮਰੂ ਕਬੂਤਰ ਹਾਏ,
ਕੀੜੀ ਆਖਰ ਸੋਚਿਆ, ਵੀਰ ਨੂੰ ਕਿੰਜ ਬਚਾਏ।
ਕੀੜੀ ਦੌੜ੍ਹ ਕੇ ਚੜ੍ਹ ਗਈ, ਸ਼ਿਕਾਰੀ ਦੇ ਸੱਜੇ ਹੱਥ,
ਦੰਦੀ ਵੱਢੀ ਜ਼ੋਰ ਦੀ, ਬੰਦੂਕ ਥੱਲੇ ਡਿੱਗੀ ਝੱਟ।
ਸੁਣਦੇ ਸਾਰ ਖੜਾਕ ਨੂੰ, ਉੱਡਿਆ ਕਬੂਤਰ ਅਸਮਾਨ,
ਕੀੜੀ ਕਰ ਉਪਕਾਰ ਇੰਜ, ਬਖਸ਼ੀ ਉਸ ਦੀ ਜਾਨ।
ਕੀੜੀ ਨਿੱਕੀ ਕੰਮ ਵੱਡਾ, ਕੀਤਾ ਫੁਰਤੀ ਨਾਲ,
ਹੱਲ ਹੋ ਜਾਂਦਾ ਬੱਚਿਓ, ਇੰਜ ਔਕੜ ਵਾਲਾ ਸੁਆਲ।

# ਖ਼ਬਰਨਾਮਾ

## ਇਨਸਾਨੀਅਤ ਸ਼ਰਮਸਾਰ : ਪਿਤਾ ਨੇ ਮੋਢਿਆਂ 'ਤੇ ਚੁੱਕੀ ਧੀ ਦੀ ਦੇਹ

**ਪੰਜਾਬੀਆਂ ਬਾਰੇ ਇਹ ਗੱਲ ਬਹੁਤ ਮਸ਼ਹੂਰ ਹੈ ਕਿ ਪੰਜਾਬੀ ਦਿਆਲੂ ਨੇ, ਹਰ ਲੋੜਵੰਦ ਦੀ ਬਾਂਹ ਫੜ੍ਹਨ ਵਾਲੇ ਨੇ ਤੇ ਇਹ ਗੱਲ ਹੈ ਵੀ ਕਿਤੇ ਨਾ ਕਿਤੇ ਸੱਚ। ਪਿਛਲੇ ਸਾਲ ਭਾਰਤ ਵਿੱਚ ਜਦੋਂ ਤੋਂ ਕਰੋਨਾ ਆਇਆ ਹੈ, ਉਦੋਂ ਤੋਂ ਹੀ ਬਹੁਤ ਸਾਰੇ ਪੰਜਾਬੀਆਂ ਅਤੇ ਪੰਜਾਬੀਆਂ ਦੀਆਂ ਸੰਸਥਾਵਾਂ (ਸਮਾਜਿਕ, ਧਾਰਮਿਕ) ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਭੋਜਨ, ਦਵਾਈਆਂ ਅਤੇ ਆਕਸੀਜਨ ਆਦਿ ਨਾਲ ਲੋੜਵੰਦਾਂ ਦੀ ਦਿਨ-ਰਾਤ ਇਕ ਕਰਕੇ ਸੇਵਾ ਕੀਤੀ ਹੈ। ਪਰ ਬਹੁਤ ਸਾਰੇ ਲੋਕ ਅੱਜ ਵੀ ਸਾਡੇ ਸਮਾਜ ਵਿੱਚ ਪੱਥਰ ਦਿਲ ਹਨ। ਜਿਨ੍ਹਾਂ ਕਰਕੇ ਪੰਜਾਬੀਅਤ ਦਾ ਸਿਰ ਕਈ ਵਾਰ ਸ਼ਰਮ ਨਾਲ ਝੁਕ ਜਾਂਦਾ ਹੈ। ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਇਕ ਘਟਨਾ ਦੀ ਖ਼ਬਰ 16 ਮਈ 2021 ਨੂੰ 'ਪੰਜਾਬੀ ਟ੍ਰਿਬਿਊਨ' ਵਿੱਚ ਛਪੀ। ਜੋ ਅਸੀਂ ਧੰਨਵਾਦ ਸਹਿਤ ਜਿਉਂ ਦੀ ਤਿਉਂ ਦੇ ਰਹੇ ਹਾਂ।**

**ਸੰਪਾਦਕ**



**ਜਲੰਧਰ, 15 ਮਈ**

ਇੱਥੇ ਵਾਪਰੀ ਇੱਕ ਦਿਲ ਕੰਬਾਊ ਘਟਨਾ ਨੇ ਇਨਸਾਨੀਅਤ ਨੂੰ ਬੁਰੀ ਤਰ੍ਹਾਂ ਨਾਲ ਸ਼ਰਮਸਾਰ ਕਰਕੇ ਰੱਖ ਦਿੱਤਾ ਹੈ। ਇੱਕ ਮਜਬੂਰ ਬਾਪ ਦੀ 11 ਸਾਲਾ ਧੀ ਸੋਨੂੰ ਦੀ ਅਰਥੀ ਨੂੰ ਜਦੋਂ ਕੋਈ ਮੋਢਾ ਦੇਣ ਲਈ ਅੱਗੇ ਨਾ ਆਇਆ ਤਾਂ ਉਹ ਆਪਣੇ ਮੋਢਿਆਂ 'ਤੇ ਧੀ ਦੀ ਲਾਸ਼ ਚੁੱਕ ਕੇ ਸ਼ਮਸ਼ਾਨਘਾਟ ਲੈ ਗਿਆ। ਇਸ ਘਟਨਾ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ।

ਮ੍ਰਿਤਕ ਸੋਨੂੰ ਦਾ ਪਿਤਾ ਦਲੀਪ ਇੱਥੋਂ ਦੇ ਰਾਮਨਗਰ ਮੁਹੱਲੇ ਵਿੱਚ ਪਰਿਵਾਰ ਨਾਲ ਰਹਿੰਦਾ ਹੈ। ਪੀੜਤ ਦਲੀਪ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੇ ਭਰਾਵਾਂ ਨੂੰ ਦੱਸਿਆ ਕਿ ਸਸਕਾਰ ਕਰਨ ਲਈ ਸੋਨੂੰ ਦੀ ਲਾਸ਼ ਨੂੰ ਸ਼ਮਸ਼ਾਨਘਾਟ ਕਿਵੇਂ ਲਿਜਾਣਾ ਹੈ ਤਾਂ ਉਨ੍ਹਾਂ ਇਨਕਾਰ ਕਰ ਦਿੱਤਾ। ਦਲੀਪ ਨੇ ਕਿਹਾ ਕਿ ਉਸ ਦੇ ਭਰਾਵਾਂ ਨੇ ਕਿਹਾ ਕਿ ਲਾਸ਼ ਲਿਜਾਣ ਲਈ ਆਪਣੇ ਮੁੰਡੇ ਨੂੰ ਹੀ ਲੈ ਜਾਉ। ਭਰਾਵਾਂ ਨੇ ਇਹ ਵੀ ਕਿਹਾ ਕਿ ਉਹ ਸ਼ਮਸ਼ਾਨਘਾਟ ਪਿੱਛੇ-ਪਿੱਛੇ ਆਉਣਗੇ। ਵਾਇਰਲ ਹੋਈ ਵੀਡੀਓ 'ਤੇ ਟਿੱਪਣੀ ਕਰ ਰਹੇ ਲੋਕਾਂ ਨੇ ਇਸ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਤਾਂ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦਾਅਵਾ ਕਰਦਿਆਂ ਕਿਹਾ ਕਿ 11 ਸਾਲਾ ਲੜਕੀ ਦੀ ਮੌਤ ਕਰੋਨਾ ਕਰਕੇ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਐੱਸ.ਡੀ.ਐੱਮ. ਕੋਲੋਂ ਜਾਂਚ ਕਰਵਾਈ ਹੈ। ਇਸ ਤੋਂ ਪਤਾ ਲੱਗਾ ਕਿ ਮੌਤ ਦਾ ਕਾਰਨ ਕਰੋਨਾ ਨਹੀਂ ਹੈ। ਲਾਸ਼ ਦੀ ਸਪੁਰਦਗੀ ਵੇਲੇ ਵੀ ਜਿਹੜੀ ਰਿਪੋਰਟ ਦਿੱਤੀ ਗਈ ਹੈ। ਉਸ ਵਿੱਚ ਸੋਨੂੰ ਨੂੰ ਅੰਤੜੀਆਂ ਦੇ ਰੋਗ ਤੋਂ ਪੀੜਤ ਦੱਸਿਆ ਗਿਆ ਹੈ। ਇਸ ਘਟਨਾ ਨੇ ਸਮਾਜ ਦੀ ਲਾਪ੍ਰਵਾਹੀ ਤੇ ਕਰੋਨਾ ਦੇ ਡਰ ਨੂੰ ਇੱਕ ਵਾਰ ਫਿਰ ਉਭਾਰ ਕੇ ਸਾਹਮਣੇ ਲਿਆਂਦਾ ਹੈ।

ਮੂਲ ਰੂਪ ਵਿੱਚ ਉੜੀਸਾ ਦੇ ਰਹਿਣ ਵਾਲੇ ਦਲੀਪ ਦੀ ਧੀ ਸੋਨੂੰ ਦੀ ਮੌਤ ਬੀਤੇ ਦਿਨੀਂ 9 ਮਈ ਨੂੰ ਹੋ ਗਈ ਸੀ। ਉਹ ਬੜੀ ਮੁਸ਼ਕਿਲ ਨਾਲ ਰਾਤ ਨੂੰ ਡੇਢ ਵਜੇ ਜਲੰਧਰ ਪਹੁੰਚਿਆ ਸੀ। ਅੰਮ੍ਰਿਤਸਰ ਤੋਂ ਜਲੰਧਰ ਵਾਸਤੇ ਐਂਬੂਲੈਂਸ ਵਾਲਾ 4 ਹਜ਼ਾਰ ਰੁਪਏ ਮੰਗ ਰਿਹਾ ਸੀ। ਉਸ ਨੇ ਕਿਸੇ ਤਰ੍ਹਾਂ ਢਾਈ ਹਜ਼ਾਰ ਦਾ ਪ੍ਰਬੰਧ ਕਰਕੇ ਆਪਣੀ ਧੀ ਦੀ ਲਾਸ਼ ਜਲੰਧਰ ਲਿਆਂਦੀ। ਉਸ ਦੇ ਇਲਾਜ 'ਤੇ ਪਹਿਲਾਂ ਹੀ 20 ਹਜ਼ਾਰ ਦੀ ਰਕਮ ਖਰਚ ਹੋ ਗਈ ਸੀ। ਦਲੀਪ ਦਾ ਕਹਿਣਾ ਸੀ ਕਿ ਕਰੋਨਾ ਪਾਜ਼ੇਟਿਵ ਹੋਣ ਦੇ ਬਾਵਜੂਦ ਉਸ ਨੂੰ ਆਪਣੀ ਧੀ ਦੀ ਲਾਸ਼ ਆਪਣੇ ਘਰ ਲਿਆਉਣ ਲਈ ਮਜਬੂਰ ਹੋਣਾ ਪਿਆ ਸੀ। ਦਲੀਪ ਨੇ ਦੱਸਿਆ ਕਿ ਕਰੋਨਾ ਦੇ ਲੱਛਣ ਹੋਣ ਦੇ ਡਰ ਕਾਰਨ ਕਿਸੇ ਨੇ ਵੀ ਉਸ ਦੀ ਧੀ ਦੀ ਅਰਥੀ ਨੂੰ ਮੋਢਾ ਨਹੀਂ ਦਿੱਤਾ ਤਾਂ ਉਹ ਸ਼ਮਸ਼ਾਨਘਾਟ ਤੱਕ ਆਪਣੇ ਮੋਢਿਆਂ 'ਤੇ ਹੀ ਲਾਸ਼ ਚੁੱਕ ਕੇ ਲੈ ਗਿਆ। ਇਸ ਸਬੰਧੀ ਵਾਇਰਲ ਹੋਈ ਵੀਡੀਓ 'ਚ ਪਿੱਛੇ ਤੁਰ ਰਿਹਾ ਲੜਕਾ ਮ੍ਰਿਤਕਾ ਸੋਨੂੰ ਦਾ ਭਰਾ ਸ਼ੰਕਰ ਹੈ।

# ਸੂਫੀ ਸ਼ਾਇਰ ਹਰਿੰਦਰ ਪਤੰਗਾ ਨਹੀਂ ਰਹੇ।

ਸਾਹਿਤ ਖੇਤਰ ਵਾਸਤੇ ਇਹ ਖ਼ਬਰ ਬੜੀ ਦੁੱਖਦਾਈ ਹੈ ਕਿ ਸ੍ਰੀ ਹਰਿੰਦਰ ਪਾਲ ਸਿੰਘ ਪਤੰਗਾ 3 ਮਈ 2021 ਨੂੰ ਸ਼ਰੀਰ ਤਿਆਗ ਗਏ। ਆਪ ਕੁਝ ਦਿਨ ਨਾਮੁਰਾਦ ਬਿਮਾਰੀ 'ਕਰੋਨਾ' ਨਾਲ ਘੋਲ ਕਰਦੇ ਹੋਏ ਸ਼ਰੀਰ ਹਾਰ ਗਏ। ਉਹ ਆਪਣੀ ਜ਼ਿੰਦਗੀ ਦੇ 69 ਬਸੰਤ ਮਾਨ ਸਕੇ। ਆਪ ਆਪਣੇ ਪਿੱਛੇ ਧਰਮ ਪਤਨੀ ਚੰਦਰਲੇਖਾ, ਦੋ ਸਪੁੱਤਰ ਕਬੀਰ ਪਾਲ ਤੇ ਵਿਕਰਮ ਪਾਲ ਅਤੇ ਸਪੁਤਰੀ ਨੇਹਾ ਪਰਿਵਾਰ ਛੱਡ ਗਏ ਹਨ।



ਭਾਰਤ ਸਰਕਾਰ ਦੇ ਖੇਤੀ-ਬਾੜੀ ਮਹਿਕਮੇ ਦੇ ਕ੍ਰਿਸ਼ੀ ਵਿਸਤਾਰ ਨਿਦੇਸ਼ਾਲਯ ਵਿੱਚ ਡਾਇਰੇਕਟਰ ਦੇ ਅਹੁਦੇ ਤੋਂ 2012 ਵਿੱਚ ਰਿਟਾਇਰ ਹੋਏ ਸਨ। Directorate of Agriculture ਵੱਲੋਂ ਪ੍ਰਕਾਸ਼ਿਤ ਹੋਣ ਵਾਲੀਆਂ ਮੈਗਜ਼ੀਨਾਂ ਤੇ ਹੋਰ ਲਿਟਰੇਚਰ ਪ੍ਰਕਾਸ਼ਨ ਦੀਆਂ ਸੰਪਾਦਕੀ ਸੇਵਾਵਾਂ ਆਪ ਦੇ ਜਿੰਮੇ ਰਹਿੰਦੀਆਂ ਰਹੀਆਂ। ਪਤੰਗਾ ਜੀ ਸੂਫ਼ੀ ਸਹਿਤ ਦਾ ਬੜੀ ਡੂੰਘਾਈ ਨਾਲ ਅਧਿਅਨ ਕਰਦੇ ਹੋਏ ਸੂਫ਼ੀ ਰੰਗ ਵਿਚ ਹੀ ਰੰਗੇ ਗਏ। ਉਹਨਾਂ ਦੀਆਂ ਕਵਿਤਾਵਾਂ ਅਤੇ ਵਾਰਤਕ ਬਹੁਤਾ ਸੂਫ਼ੀ ਸਾਹਿਤ ਹੀ ਮੰਨਿਆ ਜਾਵੇਗਾ।

ਪੰਜਾਬੀ ਅਤੇ ਹਿੰਦੀ ਖੇਤਰ ਦੀਆਂ ਸਾਹਿਤ ਸਭਾਵਾਂ, ਧਾਰਮਿਕ ਸਭਾ ਸੁਸਾਇਟੀਆਂ ਦੇ ਪ੍ਰੋਗਰਾਮ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵਲੋਂ ਅਯੋਜਿਤ ਹੁੰਦੇ ਗੁਰਪੁਰਬਾਂ 'ਤੇ ਹਰਿੰਦਰ ਪਤੰਗਾ ਵਲੋਂ ਗਾਏ ਜਾਂਦੇ ਗੀਤ ਅਤੇ ਕਵਿਤਾਵਾਂ ਸ਼ਰੋਤਿਆਂ ਦੇ ਦਿਲਾਂ 'ਤੇ ਅਜਿਹਾ ਘਰ ਕਰ ਜਾਂਦੇ ਜੋ ਉਹ ਬਾਅਦ ਵਿੱਚ ਵੀ ਗੁਣਗੁਣਾਂਦੇ ਰਹਿੰਦੇ। ਨਾਮਧਾਰੀ ਸਿੱਖਾਂ 'ਤੇ ਲਿਖੇ ਇਕ ਗੀਤ ਦੇ ਬੋਲ ਅੱਜ ਵੀ ਨਾਮਧਾਰੀ ਸੰਗਤ ਗੁਣਗੁਣਾਂਦੀ ਰਹਿੰਦੀ ਹੈ। "ਚਿੱਟਾ ਕੁਰਤਾ ਪਜ਼ਾਮਾ ਚੂੜੀਦਾਰ, ਸਿੰਘ ਗੁਰੂ ਰਾਮ ਸਿੰਘ ਦਾ।" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਨਾਮਧਾਰੀ ਸਿਖ ਸੰਗਤ ਤੋਂ ਹਰਿੰਦਰ ਪਤੰਗਾ ਜੀ ਬੜਾ ਨਿੱਘਾ ਪ੍ਰੇਮ ਪਿਆਰ ਪ੍ਰਾਪਤ ਕਰਦੇ ਰਹੇ ਹਨ। ਇਕ ਵਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਤੰਗਾ ਜੀ ਦੀ ਮਾਈਕ ਤੇ ਹਾਜ਼ਰੀ ਵੇਲੇ ਕਿਹਾ "ਹੁਣ ਦੀਵਿਆਂ ਦੀ ਖ਼ੈਰ ਨਹੀਂ" ਤਾਂ ਉਸੇ ਵੇਲੇ ਲਾਈਟ ਚਲੀ ਗਈ ਤੇ ਸੱਚੇ ਪਾਤਸ਼ਾਹ ਜੀ ਖਿੜਖਿੜਾ ਕੇ ਹੱਸ ਪਏ। ਪਤੰਗਾ ਜੀ ਦੀ ਵੀ ਸਤਿਗੁਰੂ ਜੀ ਉਪਰ ਅਸੀਮ ਸ਼ਰਧਾ ਸੀ।

ਪਤੰਗਾ ਜੀ, ਡਾ. ਅਮਰ ਭਾਰਤੀ ਜੀ ਨੂੰ ਆਪਣਾ ਅਧਿਆਤਮਕ ਲੇਖਨ ਗੁਰੂ ਮੰਨਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਨਜ਼ਦੀਕੀ ਮਿਤਰਾਂ 'ਚੋਂ ਹਰਿੰਦਰ ਪਤੰਗਾ ਦੀ ਕਲਾ ਨੂੰ ਪਛਾਣਦਿਆਂ ਸ੍ਰੀ ਅਮਰ ਭਾਰਤੀ ਜੀ ਨਾਲ ਵਰਤਮਾਨ ਹਿੰਦੁਸਤਾਨ ਵਿਚ ਛਪੇ ਪਤੰਗਾ ਜੀ ਦੇ ਉਸ ਲੇਖ ਦੀ ਖ਼ੂਬ ਪ੍ਰਸ਼ੰਸਾ ਕੀਤੀ ਸੀ। ਜਿਹੜਾ ਭਾਰਤੀ ਜੀ ਦੇ ਅਧਿਆਤਮਕ ਲੇਖ ਦਾ ਸਮੀਖਿਆ ਲੇਖ ਸੀ। ਪਤੰਗਾ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਪਰੰਤ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਬੜੇ ਸ਼ਰਧਾਵਾਨ ਸਹਿਜਧਾਰੀ ਸਿਖ ਰਹੇ।

ਭਾਰਤ ਸਰਕਾਰ ਦੇ ਖੇਤੀਬਾੜੀ ਨਿਦੇਸ਼ਾਲਯ ਦੀਆਂ ਮੈਗਜ਼ੀਨਾਂ ਦੇ ਸੰਪਾਦਨ ਤੋਂ ਇਲਾਵਾ ਪਤੰਗਾ ਜੀ ਨੇ ਇਕ ਕਾਵਿ-ਸੰਗ੍ਰਹਿ "ਤੁਲਸੀ ਦਾ ਬੂਟਾ" ਪੰਜਾਬੀ ਵਿੱਚ, ਅਤੇ ਇਕ ਕਾਵਿ-ਸੰਗ੍ਰਹਿ "ਲਫ਼ਜ਼ੋਂ ਕੇ ਆਗੋਸ਼ ਮੇਂ" ਹਿੰਦੀ ਵਿਚ ਪਾਠਕਾਂ ਦੀ ਝੋਲੀ ਪਇਆ। ਇਸ ਤੋਂ ਇਲਾਵਾ ਦੋ ਪੁਸਤਕਾਂ "ਕੇਸਰੀ ਕਿਰਨਾਂ" ਅਤੇ "ਕਿੱਸਾ ਅੰਮ੍ਰਿਤਾ-ਇਮਰੋਜ਼" ਛਪਣ ਹਿਤ ਤਿਆਰ ਪਈਆਂ ਹਨ, ਪਰ ਅਫ਼ਸੋਸ....!

ਪਤੰਗਾ ਜੀ ਦੀ ਲੇਖਨ ਅਤੇ ਗਾਇਨ ਕਲਾ ਨੂੰ ਜਿੱਥੇ ਆਮ ਸਲਾਹਿਆ ਜਾਂਦਾ, ਉੱਥੇ ਆਪ ਨੂੰ ਮਾਨ-ਸਨਮਾਨ ਵੀ ਦਿੱਤੇ ਜਾਂਦੇ ਰਹੇ। 6 ਮਾਰਚ 2021 ਨੂੰ ਸਮਾਜ ਅਤੇ ਸਭਿਆਚਾਰ ਸਬੰਧੀ ਕਰਾਏ ਗਏ "ਸੁੱਣਖੀ-ਪੰਜਾਬਣ" ਇਕ ਵਿਸ਼ੇਸ਼ ਪ੍ਰੋਗਰਾਮ ਵਿਚ ਪਤੰਗਾ ਜੀ 'Guest of Honor' ਦੀ ਵਜੋਂ ਸ਼ਮੂਲੀਅਤ ਉਹਨਾਂ ਦੀ ਜ਼ਿੰਦਗੀ ਦੇ

ਆਖਰੀ ਸੁਨਹਿਰੇ ਪਲਾਂ ਵਿਚ ਦਰਜ਼ ਹੋ ਗਏ। ਇਸ ਤੋਂ ਪਹਿਲਾਂ ਦਿੱਲੀ ਵਿਖੇ 21 ਫਰਵਰੀ ਨੂੰ ਨਾਮਧਾਰੀ ਸੰਗਤ ਵਲੋਂ ਸਤਿਗੁਰੂ ਰਾਮ ਸਿੰਘ ਪ੍ਰਕਾਸ਼ ਉਤਸਵ 'ਤੇ ਪੰਜਾਬੀ ਭਾਸ਼ਾ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਵਿੱਚ ਪਤੰਗਾ ਜੀ ਦੀ ਪੇਸ਼ਕਾਰੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕੰਵਲਾਂ ਦੁਆਰਾ ਸਿਰੋਪਾ ਤੇ ਹੋਰ ਮਾਣ-ਸਨਮਾਣ ਪਤੰਗਾ ਜੀ ਨੂੰ ਪ੍ਰਾਪਤ ਬਖਸ਼ਿਸ਼ਾਂ ਵਿੱਚ ਸ਼ਾਮਿਲ ਹੋ ਗਿਆ। ਇਸੇ ਵਿਸ਼ੇਸ਼ ਪ੍ਰੋਗਰਾਮ ਵਿੱਚ ਹੀ ਦਿੱਲੀ ਯੂਨੀਵਰਸਿਟੀ ਦੇ ਸਾਬਕਾ-ਮੁਖੀ ਡਾ. ਮਨਜੀਤ ਸਿੰਘ ਅਤੇ ਮੌਜੂਦਾ ਮੁਖੀ ਡਾ. ਰਵਿੰਦਰ ਕੁਮਾਰ ਰਵੀ ਨੂੰ ਸਤਿਗੁਰੂ ਜੀ ਨੇ ਸਨਮਾਣ ਬਖ਼ਸ਼ਿਆ ਸੀ।

ਪੰਜਾਬੀ ਤੋਂ ਹਿੰਦੀ ਭਾਸ਼ੀ ਸਭਾ ਸੁਸਾਇਟੀਆਂ ਤੇ ਧਾਰਮਿਕ ਕਵੀ ਦਰਬਾਰਾਂ ਵਿੱਚ ਪਤੰਗਾ ਜੀ ਨਾਲ ਸਟੇਜ ਸਾਂਝੀ ਕਰਨ ਵਾਲੇ ਕਵੀ ਸੱਜਣ ਅਤੇ ਨਾਮਧਾਰੀ ਸਿਖ ਸੰਗਤ ਬੜਾ ਖਲਾਅ ਮਹਿਸੂਸ ਕਰਦੇ ਹੋਏ, ਉਹਨਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ। ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦੇ ਪ੍ਰਧਾਨ ਤੇ ਦਿੱਲੀ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਮਨਜੀਤ ਸਿੰਘ ਨੇ ਆਪਣਾ ਸ਼ਰਧਾਂਜਲੀ ਸੰਦੇਸ਼ ਭੇਜਿਆ ਹੈ। ਜਿਸ ਵਿੱਚ ਆਪ ਨੇ ਲਿਖਿਆ ਹੈ: "ਪਤੰਗਾ ਜੀ ਇਕ ਅਜ਼ੀਮ ਤੇ ਜ਼ਹੀਨ ਸ਼ਾਇਰ ਸਨ। ਉਹਨਾਂ ਦੀ ਮੁਮਤਾਜ਼ ਸ਼ਖ਼ਸੀਅਤ, ਇਨਸਾਨੀ ਜਜ਼ਬਿਆਂ ਨਾਲ ਪੂਰੀ ਤਰ੍ਹਾਂ ਲਬਰੇਜ਼ ਸੀ। ਤਰਨੁੰਮ 'ਚ ਅਤੇ ਸੂਫ਼ੀ ਅੰਦਾਜ਼ ਵਿੱਚ ਸ਼ਾਇਰੀ ਕਰਨ ਵਿੱਚ ਉਹਨਾਂ ਦੀ ਖ਼ੂਬੀ, ਕਾਬਲ-ਏ-ਤਾਰੀਫ਼ ਸੀ। ਲੋਕ ਸ਼ਾਇਰੀ ਅਤੇ ਪਰੰਪਰਕ ਛੰਦਾਬੰਦੀ ਵਿੱਚ ਆਪ ਨੂੰ ਚੰਗੀ ਮੁਹਾਰਤ ਹਾਸਿਲ ਸੀ। ਅਦਾਰਾ ਵਰਤਮਾਨ ਹਿੰਦੂਸਤਾਨ ਅਤੇ ਪੰਜਾਬੀ ਅਕਾਦਮੀ ਦਿੱਲੀ ਦੇ ਸਾਬਕਾ ਸਕੱਤਰ ਗੁਰਭੇਜ ਸਿੰਘ ਗੁਰਾਇਆ ਨੇ ਪਤੰਗਾ ਜੀ ਨੂੰ ਸੂਫ਼ੀ ਸਾਹਿਤ ਅਤੇ ਸਟੇਜੀ ਕਵੀਆਂ ਦਾ ਚਮਕਦਾ ਸਿਤਾਰਾ ਦੱਸਿਆ। ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ, ਜੁਗਿੰਦਰ ਅਮਰ, ਡਾ. ਹਰਵਿੰਦਰ ਔਲਖ, ਸ਼ਿਖਾਲੇਖ ਪਬਲੀਸ਼ਰਜ਼, ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਹਰਪਾਲ ਸਿੰਘ ਸੋਧੀ, ਜਯੋਤਸਨਾ ਕੌਰ, ਮੰਗਲਜੀਤ ਸਿੰਘ ਅਤੇ ਇਹਨਾਂ ਤੋਂ ਇਲਾਵਾ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਨਿਸ਼ਾਨ ਸਿੰਘ ਦਿੱਲੀ ਆਦਿ ਨੇ ਵਟਸ-ਐਪ ਤੇ ਲਿਖਿਆ "ਅਫ਼ਸੋਸ.... ! ਹੁਣ ਸੁਰੀਲੀ ਆਵਾਜ਼ ਵਾਲਾ, ਖਿੜ ਮੱਥੇ ਵਾਲਾ, ਸਾਡਾ ਕਵੀ ਸਾਥੋਂ ਬਹੁਤ ਦੂਰ ਹੋ ਗਿਆ। ਨਮਨ ਮਹਾਨ ਕਵੀ, ਸਹਿਤਕਾਰ ਤੇ ਸੱਜਣ ਪੁਰਖ ਪਤੰਗਾ ਜੀ ਨੂੰ। ਪਤੰਗਾ ਜੀ ਆਪਣੇ ਗੀਤਾਂ ਰਾਹੀਂ ਸਦਾ ਯਾਦ ਰਹਿਣਗੇ।"

ਕਰੋਨਾ-ਕਾਲ ਨੂੰ ਮੁੱਖ ਰਖਦਿਆਂ ਪਰਿਵਾਰ ਦੀ ਅਰਜ਼ ਤੇ ਸਤਿਗੁਰੂ ਉਦੇ ਸਿੰਘ ਜੀ ਨੇ ਪਤੰਗਾ ਜੀ ਦੀ ਆਤਮਕ ਕਲਿਆਣਤਾ ਹਿਤ ਕਥਾ-ਕੀਰਤਨ ਅਤੇ ਭੋਗ-ਸਮਾਗਮ ਬੰਗਲੌਰ ਫਾਰਮ ਵਿਖੇ 12 ਮਈ 2021 ਨੂੰ ਪਾਇਆ। ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਦਰਸ਼ਨ ਦਿੱਤੇ ਤੇ ਦੇਸ਼ਾਂ-ਵਿਦੇਸ਼ਾਂ ਦੀ ਸੰਗਤ ਨੇ ਔਨ ਲਾਈਨ ਹਾਜ਼ਰੀ ਭਰੀ।

**ਸਰਬ ਸ਼ਕਤੀਮਾਨ**

## ਸੰਤ ਰਜਿੰਦਰ ਸਿੰਘ ਨਹੀਂ ਰਹੇ

ਗੁਰੂ ਘਰ ਦੇ ਪ੍ਰੀਤਵਾਨ ਗੁਰਸਿੱਖ ਸੰਤ ਰਜਿੰਦਰ ਸਿੰਘ ਜੀ 17 ਅਪ੍ਰੈਲ 2021 ਨੂੰ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਆਯੂ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਹਨਾਂ ਦਾ ਜਨਮ 28-10-1969 ਨੂੰ ਮਾਤਾ ਮਹਿੰਦਰ ਕੌਰ ਅਤੇ ਗੁਰੂ ਘਰ ਦੇ ਪ੍ਰੀਤਵਾਨ ਗੁਰਸਿੱਖ ਸੰਤ ਬਲਕਾਰ ਸਿੰਘ ਘਰ ਹੋਇਆ।



ਉਹਨਾਂ ਦਾ ਪਰਿਵਾਰਰਿਕ ਪਿਛੋਕੜ ਰਾਮਪੁਰ, ਗੁੱਜਰਾਂਵਾਲਾ (ਪਾਕਿਸਤਾਨ) ਨਾਲ ਸਬੰਧਿਤ ਹੈ। ਉਹਨਾਂ ਦਾ ਪਰਿਵਾਰ 1947 ਦੇ ਵਿੱਚ ਜਦੋਂ ਪੱਛਮੀ ਪੰਜਾਬ ਦੇ ਵਿਚੋਂ ਉੱਜੜ ਕੇ ਆਇਆ ਤਾਂ ਦਿੱਲੀ ਆ ਕੇ ਵੱਸ ਗਿਆ। ਪਿਛਲੇ ਕਾਫ਼ੀ ਸਮੇਂ ਤੋਂ ਉਹ ਮਾਨ-ਸਰੋਵਰ ਗਾਰਡਨ ਨਵੀਂ ਦਿੱਲੀ ਵਿਖੇ ਰਹਿ ਰਹੇ ਸਨ।

ਉਹ ਆਪਣੇ ਪਿੱਛੇ ਪਤਨੀ ਹਰਜੀਤ ਕੌਰ ਅਤੇ ਇਕ ਪੁੱਤਰ ਤੇ ਇਕ ਪੁੱਤਰੀ ਛੱਡ ਗਏ ਹਨ। ਉਹਨਾਂ ਦੀ ਯਾਦ ਵਿੱਚ ਰੱਖੇ ਸਹਿਜ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ**

## ਜਸਵਿੰਦਰ ਸਿੰਘ ਭੁਰਜੀ ਚੜ੍ਹਾਈ ਕਰ ਗਏ

ਗੁਰੂ ਘਰ ਦੇ ਅਨਿੰਨ ਸੇਵਕ ਸ. ਜਸਵਿੰਦਰ ਸਿੰਘ ਭੁਰਜੀ ਪਿਛਲੇ ਦਿਨੀ 18 ਅਪ੍ਰੈਲ 2021 ਨੂੰ ਇਸ ਅਸਾਰ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਸੂਬਾ ਅਰਵਿੰਦ ਸਿੰਘ ਦਿੱਲੀ ਵਾਲਿਆਂ ਦੇ ਭਰਾ ਸਨ।



ਉਹਨਾਂ ਦਾ ਜਨਮ ਮਾਤਾ ਸੁਰਜੀਤ ਕੌਰ ਪਿਤਾ ਸੰਤ ਮੱਖਣ ਸਿੰਘ ਭੁਰਜੀ ਦੇ ਘਰ 2 ਮਾਰਚ 1960 ਨੂੰ ਨਵੀਂ ਦਿੱਲੀ ਵਿਖੇ ਹੋਇਆ। ਉਹਨਾਂ ਦਾ ਪਰਿਵਾਰ ਮਾਨ-ਸਰੋਵਰ ਗਾਰਡਨ ਨਵੀਂ ਦਿੱਲੀ ਵਿਖੇ ਰਹਿ ਰਿਹਾ ਹੈ। ਉਹ ਆਪਣੇ ਪਿੱਛੇ 2 ਪੁੱਤਰ ਜੈ ਸਿੰਘ ਅਤੇ ਜਵੰਦ ਸਿੰਘ ਨੂੰ ਛੱਡ ਗਏ ਹਨ। ਉਹ ਲਗਭਗ ਪਿਛਲੇ ਡੇਢ ਸਾਲ ਤੋਂ ਸ੍ਰੀ ਭੈਣੀ ਸਾਹਿਬ ਰਹਿ ਰਹੇ ਸਨ ਤੇ ਸਰੀਰ ਵੀ ਉਹਨਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਤਿਆਗਿਆ। ਉਹਨਾਂ ਦੀ ਯਾਦ ਵਿੱਚ ਰੱਖੇ ਸਧਾਰਨ ਪਾਠ ਦਾ ਭੋਗ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਖੇ ਪਾਇਆ ਗਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ)**

## ਨੇਤਾ ਜੀ ਗੁਰੂ ਚਰਨਾਂ 'ਚ ਜਾ ਬਿਰਾਜੇ

ਸ. ਬਲਦੇਵ ਸਿੰਘ ਚਾਨਾ ਜਿਨ੍ਹਾਂ ਨੂੰ ਨੇਤਾ ਜੀ ਵੀ ਆਖਿਆ ਜਾਂਦਾ ਸੀ। ਉਹ 23 ਅਪ੍ਰੈਲ 2021 ਨੂੰ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਆਰਜਾ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਨੇਤਾ ਜੀ ਦਾ ਜਨਮ 21 ਨਵੰਬਰ 1985 ਨੂੰ ਸ. ਰਤਨ ਸਿੰਘ ਚਾਨਾ ਅਤੇ ਸਰਦਾਰਨੀ ਚੰਨਣ ਕੌਰ ਦੇ ਘਰ ਹੋਇਆ। ਇਨ੍ਹਾਂ ਦਾ ਪਰਿਵਾਰਰਕ ਪਿਛੋਕੜ ਨਕੋਦਰ (ਪੰਜਾਬ) ਨਾਲ ਸਬੰਧਿਤ ਸੀ। ਵਰਤਮਾਨ ਸਮੇਂ ਵਿੱਚ ਇਹ 1-C/1 ਨਾਮਧਾਰੀ ਕਲੋਨੀ ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿਛੇ 3 ਬੇਟੀਆਂ ਛੱਡ ਗਏ ਹਨ। ਇਨ੍ਹਾਂ ਦਾ ਪਰਿਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਬਣਿਆ। ਉਹ ਰਾਜਨੀਤਿਕ ਤੌਰ 'ਤੇ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ। ਕਾਂਗਰਸ ਦੀ ਟਿਕਟ ਤੇ ਉਹਨਾਂ ਨੇ 2 ਵਾਰ ਕੌਂਸਲਰ ਦੀ ਇਲੈਕਸ਼ਨ ਵੀ ਲੜੀ। ਕਿਸੇ ਸਮੇਂ ਸੰਜੇ ਗਾਂਧੀ ਦੇ ਲੰਗੋਟੀਏ ਯਾਰ ਸਨ। ਸ. ਬਲਦੇਵ ਸਿੰਘ ਗੁਰੂ ਘਰ ਦੇ ਬੜੇ ਹੀ ਪ੍ਰੀਤਵਾਨ ਗੁਰਸਿੱਖ ਸਨ।



ਉਹ ਹਰ ਸਮੇਂ ਗੁਰੂ ਘਰ ਦੀ ਸੇਵਾ ਵਿੱਚ ਤੱਤਪਰ ਰਹਿੰਦੇ ਸਨ। ਬੇਸ਼ੱਕ ਦਿੱਲੀ ਦੀ ਧਰਮਸ਼ਾਲਾ ਹੋਵੇ ਜਾਂ ਦਿੱਲੀ ਦੀ ਨਾਮਧਾਰੀ ਸੰਗਤ ਦੁਆਰਾ ਕੋਈ ਹੋਰ ਕਾਰਜ ਕੀਤਾ ਜਾ ਰਿਹਾ ਹੋਵੇ ਉਹਨਾਂ ਨੇ ਹਰ ਥਾਂ ਤੇ ਵੱਧ ਚੜ੍ਹ ਕੇ ਸੇਵਾ ਕੀਤੀ। ਜਦੋਂ ਵੀ ਨਾਮਧਾਰੀ ਹਾਕੀ ਟੀਮ ਨੇ ਦਿੱਲੀ ਖੇਡਣ ਜਾਣਾ ਜਾਂ ਫਿਰ ਉਥੇ ਰੁਕਣਾ ਤਾਂ ਉਹਨਾਂ ਨੇ ਟੀਮ ਦੇ ਮੈਂਬਰਾਂ ਤੇ ਪ੍ਰਬੰਧਕਾਂ ਦੇ ਰਹਿਣ ਸਹਿਣ ਤੋਂ ਲੈ ਕੇ ਖਾਣ-ਪੀਣ ਤੱਕ ਸਾਰਾ ਪ੍ਰਬੰਧ ਕਰਨਾ। ਇਹ ਸੇਵਾ ਉਹਨਾਂ ਨੇ ਲਗਭਗ 17-18 ਸਾਲ ਨਿਭਾਈ। ਕੰਮਾਂ ਕਾਰਾਂ ਦੇ ਅਤੀ ਰੁਝੇਵੇਂ ਹੋਣ ਦੇ ਬਾਵਜੂਦ ਉਹ ਰੋਜ਼ ਸਵੇਰੇ ਢਾਈ ਵਜੇ ਉਠ ਕੇ ਆਪਣਾ ਨਿਤਨੇਮ ਕਰਦੇ। ਗੁਰੂ ਕੇ ਪਿਆਰੇ ਇਸ ਗੁਰਸਿੱਖ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵਲੋਂ 25-4-2021 ਨੂੰ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਦਾ ਭੋਗ ਪਵਾਇਆ ਗਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ)**

## ਸੰਤ ਕੁਲਦੀਪ ਸਿੰਘ ਚਾਨਾ ਨਹੀਂ ਰਹੇ

ਕੋਰੋਨਾ ਮਾਂਹਮਾਰੀ ਅਤੇ ਪ੍ਰਸ਼ਾਸਨ ਦੇ ਮਾੜੇ ਸਿਹਤ ਪ੍ਰਬੰਧਾਂ ਕਾਰਨ ਬਹੁਤ ਸਾਰੇ ਦੇਸ਼ ਵਾਸੀ ਆਪਣੀ ਜਾਨ ਤੋਂ ਲਗਾਤਾਰ ਹੱਥ ਧੋ ਰਹੇ ਹਨ। ਪਿਛਲੇ ਦਿਨੀਂ ਦਿੱਲੀ ਨਿਵਾਸੀ

ਸੰਤ ਕੁਲਦੀਪ ਸਿੰਘ ਚਾਨਾ ਸਪੁੱਤਰ ਸੰਤ ਰਤਨ ਸਿੰਘ ਚਾਨਾ 4 ਮਈ 2021 ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਨਕੋਦਰ, ਦੁਆਬਾ (ਪੰਜਾਬ) ਨਾਲ ਸਬੰਧਿਤ ਹੈ। ਪਰ ਕਾਫ਼ੀ ਲੰਮੇ ਸਮੇਂ ਤੋਂ ਉਹ C-119, 120 ਡਬਲਸਟੋਰੀ ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਰਹਿ ਰਹੇ ਸਨ। ਉਹ ਆਪਣੇ ਪਿੱਛੇ 2 ਪੁੱਤਰ ਅਤੇ 3 ਬੇਟੀਆਂ ਛੱਡ ਗਏ ਹਨ। ਉਨ੍ਹਾਂ ਦੇ ਨਮਿੱਤ ਰੱਖੇ ਸਧਾਰਨ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਬੰਗਲੌਰ ਵਿਖੇ 8 ਮਈ 2021 ਨੂੰ ਪਾਇਆ ਗਿਆ।



ਉਹ ਆਪਣੇ ਜੀਵਨ ਕਾਲ ਦੇ ਦੌਰਾਨ ਸਮਾਜਿਕ ਕਾਰਜਾਂ ਵਿੱਚ ਕਾਫ਼ੀ ਐਕਟਿਵ ਰਹੇ। ਉਹ ਗੁਰਦੁਆਰਾ ਸ੍ਰੀ ਸਿੰਘ ਸਭਾ ਬਾਲੀ ਨਗਰ- ਰਾਜਾ ਗਾਰਡਨ, ਨੇਤਾ ਜੀ ਮਾਰਕੀਟ ਵੈੱਲਫੇਅਰ ਐਸੋਸੀਏਸ਼ਨ (ਬਸਈ ਦਾਰਾਪੁਰ), ਪੰਜਾਬੀ ਬਾਗ਼ ਕਲੱਬ, ਸਕਿਉਰਟੀ ਹੋਰਟੀਕਲਾ, ਸ੍ਰੀ ਸਨਾਤਨ ਧਰਮ, ਰਾਮ ਲੀਲਾ ਸਮਿਤੀ (ਪੰਜਾਬੀ ਬਾਗ਼) ਆਦਿ ਦੇ ਚੇਅਰਮੈਨ ਰਹੇ।

ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ (ਦਿੱਲੀ), ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ (ਪੰਜਾਬੀ ਬਾਗ਼), ਇੰਟਰਨੈਸ਼ਨਲ ਰਾਮਗੜੀਆ ਆਰਗੇਨਾਈਜ਼ੇਸ਼ਨ, ਆਲ ਇੰਡੀਆ ਕਾਰ ਡੀਲਰ ਐਸੋਸੀਏਸ਼ਨ ਦੇ ਸੀਨੀਅਰ ਵਾਈਸ ਚੇਅਰਮੈਨ ਰਹੇ। ਆਲ ਰਮੇਸ਼ ਨਗਰ ਰੈਜੀਡੈਂਟ ਵੈੱਲਫੇਅਰ ਸੋਸਾਇਟੀ, ਮਿੱਤਰ ਮੰਡਲ ਧਾਰਮਿਕ ਸਹਿਮਤੀ, ਸੀ ਬਲਾਕ ਰੈਜੀਡੈਂਟ ਵੈੱਲਫੇਅਰ ਐਸੋਸੀਏਸ਼ਨ ਰਮੇਸ਼ ਨਗਰ ਦੇ ਪ੍ਰੈਜ਼ੀਡੈਂਟ ਰਹੇ। ਉਹਨਾਂ ਨੇ ਸਾਰੀ ਉਮਰ ਸਤਿਗੁਰੂ ਜੀ ਦੇ ਹੁਕਮਾਂ 'ਤੇ ਚੱਲਦਿਆਂ ਹੋਇਆਂ ਜੀਵਨ ਬਤੀਤ ਕੀਤਾ।

**ਜਥੇ. ਨਿਸ਼ਾਨ ਸਿੰਘ ਦਿੱਲੀ)**

.....................................................

## ਸ. ਬਲਦੇਵ ਸਿੰਘ ਅਕਾਲ ਚਲਾਣਾ ਕਰ ਗਏ

ਸ. ਬਲਦੇਵ ਸਿੰਘ ਰਮੇਸ਼ ਨਗਰ ਵਾਲੇ ਪਿਛਲੇ ਦਿਨੀਂ ਸਤਿਗੁਰੂ ਜੀ ਦੀ ਬਖ਼ਸ਼ੀ ਹੋਈ ਆਯੂ ਭੋਗ ਕੇ 03-05-2021 ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਦਾ ਜਨਮ 16 ਜਨਵਰੀ 1965 ਨੂੰ ਮਾਤਾ ਪ੍ਰੀਤਮ ਕੌਰ ਤੇ ਪਿਤਾ ਸ. ਕਰਤਾਰ ਸਿੰਘ ਦੇ ਘਰ ਪਿੰਡ ਇਲਾਹਾਬਾਦ, ਹਰਿਆਣਾ ਵਿਖੇ ਹੋਇਆ। ਉਹ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਰਹਿ ਰਹੇ ਸਨ। ਪਰ ਪਿਛਲੇ ਦਿਨੀਂ ਬਿਮਾਰ ਹੋਣ ਕਾਰਨ ਇਸ ਅਸਾਰ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਆਪਣੇ ਪਿੱਛੇ 3 ਬੱਚਿਆਂ ਨੂੰ ਛੱਡ ਗਏ ਹਨ। ਉਨ੍ਹਾਂ ਦੀ ਯਾਦ ਵਿੱਚ ਸਧਾਰਨ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਬੰਗਲੌਰ ਵਿਖੇ 8 ਮਈ 2021 ਨੂੰ ਪਾਇਆ ਗਿਆ।



**ਜਥੇ. ਨਿਸ਼ਾਨ ਸਿੰਘ ਦਿੱਲੀ)**

.....................................................

## ਬੀਬੀ ਸਰਬਜੀਤ ਕੌਰ ਗੁਰੂ ਚਰਨਾਂ 'ਚ ਜਾ ਬਿਰਾਜੇ

ਗੁਰੂ ਘਰ ਦੇ ਪ੍ਰੀਤਵਾਨ ਬੀਬੀ ਸਰਬਜੀਤ ਕੌਰ ਪਿਛਲੀਂ ਦਿਨੀ 24 ਅਪ੍ਰੈਲ 2021 ਨੂੰ ਚੜ੍ਹਾਈ ਕਰ ਗਏ ਸਨ। ਉਹਨਾਂ ਦਾ ਜਨਮ ਸ. ਹੁਕਮ ਸਿੰਘ ਭੁਰਜੀ ਅਤੇ ਮਾਤਾ ਸਰਦਾਰਨੀ ਜਸਵੰਤ ਕੌਰ ਦੇ ਘਰ ਕਾਦੀਆਂ, ਗੁਰਦਾਸਪੁਰ (ਪੰਜਾਬ) ਵਿਖੇ 28 ਦਸੰਬਰ 1962 ਨੂੰ ਹੋਇਆ। 1982 ਈ. ਵਿੱਚ ਉਹਨਾਂ ਦਾ ਅਨੰਦ ਕਾਰਜ ਸ.



ਰਾਜ ਬਹਾਦੁਰ ਸਿੰਘ ਨਿਊ ਸਾਹਿਬ ਪੁਰਾ, ਨਵੀਂ ਦਿੱਲੀ ਵਾਲਿਆਂ ਨਾਲ ਹੋਇਆ। ਉਹ ਆਪਣੇ ਪਿੱਛੇ 3 ਸਪੁੱਤਰ ਛੱਡ ਗਏ ਹਨ। ਉਹਨਾਂ ਨਮਿੱਤ ਰੱਖੇ ਸਹਿਜ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ 1 ਮਈ 2021 ਨੂੰ ਸ਼ਾਮੀਂ ਸਾਢੇ ਪੰਜ ਵਜੇ ਬੰਗਲੌਰ ਵਿਖੇ ਪਿਆ।

**ਜਥੇ. ਨਿਸ਼ਾਨ ਸਿੰਘ ਦਿੱਲੀ)**

.......................................................

## ਮੁਠੱਡਾ ਕਲਾਂ ਵਿਖੇ ਕਿਸਾਨ ਮਹਾਂ ਰੈਲੀ

**12 ਮਾਰਚ 2021**

ਮੁਠੱਡਾ ਕਲਾਂ ਨਾਮਧਾਰੀ ਇਤਿਹਾਸ ਵਿੱਚ ਵਿਸ਼ੇਸ਼ ਥਾਂ ਰੱਖਦਾ ਹੋਣ ਕਰਕੇ ਪੰਜਾਬ ਦਾ ਇਤਿਹਾਸਕ ਪਿੰਡ ਹੈ। ਇਸ ਪਿੰਡ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਈ ਵਾਰ ਗਏ। ਇਹ ਪਿੰਡ ਕਿਸੇ ਸਮੇਂ ਨਿਰੋਲ ਕੂਕਿਆਂ ਦਾ ਹੀ ਪਿੰਡ ਹੁੰਦਾ ਸੀ। ਇਸ ਪਿੰਡ ਨੂੰ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਵੀ ਆਖਿਆ ਗਿਆ। ਉੱਥੇ ਦੂਸਰੇ ਪਾਸੇ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਸਭ ਤੋਂ ਪਹਿਲਾ ਅਤੇ ਵਿਸ਼ਾਲ ਮੇਲਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੱਥੇ ਹੀ ਕੀਤਾ ਸੀ। ਉਸ ਮੇਲੇ ਵਿੱਚ ਸ਼ਹੀਦ ਭਗਤ ਸਿੰਘ ਵੀ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ ਸ਼ਾਮਿਲ ਹੋਇਆ। ਸੂਬਾ ਹਰਜੀਤ ਸਿੰਘ ਮੁਠੱਡਾ ਦੇ ਦੱਸਣ ਮੁਤਾਬਿਕ ਸ਼ਹੀਦ ਭਗਤ ਸਿੰਘ ਉਸ ਮੇਲੇ ਸਮੇਂ ਇਸ ਪਿੰਡ ਵਿੱਚ ਤਿੰਨ ਦਿਨ ਅਤੇ ਦੋ ਰਾਤਾਂ ਰਿਹਾ। ਇਸ ਪਿੰਡ ਦੇ ਨਾਲ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਤੇ ਸ਼ਹੀਦ ਭਗਤ ਸਿੰਘ ਹੋਰਾਂ ਦੀ ਜਥੇਬੰਦੀ ਦੇ ਖ਼ਾਸ ਸਬੰਧ ਰਹੇ। ਇਸ ਪਿੰਡ ਵਿੱਚ 12 ਮਾਰਚ 2021 ਨੂੰ ਪਿੰਡ ਵਾਲਿਆਂ ਨੇ ਯਤਨ ਕਰਕੇ ਸਤਿਗੁਰੂ ਰਾਮ ਸਿੰਘ ਸਟੇਡੀਅਮ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਹਮਾਇਤ ਕਮੇਟੀ ਅਤੇ ਪੰਚਾਇਤ ਨੇ ਰਲ ਕੇ ਕਿਸਾਨ ਯੂਨੀਅਨ ਉਗਰਾਹਾਂ ਦੀ ਅਗਵਾਈ ਵਿੱਚ ਮਹਾਂ ਕਿਸਾਨ ਰੈਲੀ ਕਰਵਾਈ। ਇਸ ਰੈਲੀ ਵਿੱਚ ਹੋਰ ਬਹੁਤ ਸਾਰੀਆਂ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਤੇ ਪ੍ਰਸਿੱਧ ਹਸਤੀਆਂ ਨੇ ਆਪਣਾ ਸਮਰਥਨ ਦਿੱਤਾ।

ਨਾਮਧਾਰੀ ਸੰਪਰਦਾ ਸ੍ਰੀ ਭੈਣੀ ਸਾਹਿਬ ਵੱਲੋਂ ਵੀ ਜਥਾ ਪੁੱਜਾ। ਇਸ ਜਥੇ ਦੇ ਨਾਲ ਗਏ ਸ. ਸੁਵਰਨ ਸਿੰਘ ਵਿਰਕ ਹੋਰਾਂ ਨੇ ਸਟੇਜ ਤੋਂ ਸੰਬੋਧਿਤ ਹੁੰਦਿਆਂ ਕਿਸਾਨ-ਮਾਰੂ ਕਾਨੂੰਨਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਨਾਮਧਾਰੀ ਦਰਬਾਰ ਵੱਲੋਂ ਸਮਰਥਨ ਦਿੱਤਾ। ਰੈਲੀ ਵਿੱਚ ਮੰਚ ਤੋਂ ਬੋਲਣ ਵਾਲੇ ਬੁਲਾਰਿਆਂ ਬਾਰ-ਬਾਰ ਨਾਮਧਾਰੀ ਲਹਿਰ ਦੇ ਆਜ਼ਾਦੀ ਸੰਘਰਸ਼ ਵਿੱਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ।

ਇਸ ਰੈਲੀ ਦੇ ਵਿਚ ਵਿਸ਼ੇਸ਼ ਤੌਰ ’ਤੇ ਬੋਲਣ ਵਾਲੇ ਬੁਲਾਰਿਆਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ, ਨਾਮਧਾਰੀ ਇਤਿਹਾਸਕਾਰ ਤੇ ਖੋਜੀ ਲੇਖਕ ਸੁਵਰਨ ਸਿੰਘ ਵਿਰਕ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਭਦੌੜ, ਮਜ਼ਦੂਰ ਆਗੂ ਨੌਦੀਪ ਕੌਰ, ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਮਹਿਲਾ ਕਿਸਾਨ ਆਗੂ ਹਰਿੰਦਰ ਬਿੰਦੂ, ਕਾਂਤੀ ਮੋਹਣ ਅਤੇ ਦੇਸ਼ ਭਗਤ ਯਾਦਗਾਰ ਹਾਲ ਵਲੋਂ ਅਮੋਲਕ ਸਿੰਘ ਸਨ। ਬੁਲਾਰਿਆਂ ਵੱਲੋਂ ਵਾਰ-ਵਾਰ ਸਰਕਾਰ ਸਾਹਮਣੇ ਇਹ ਮੰਗਾਂ ਰੱਖੀਆਂ ਗਈਆਂ ਕਿ ਤਿੰਨੋਂ ਵਿਵਾਦਤ ਖੇਤੀ ਕਾਨੂੰਨ ਵਾਪਸ ਕੀਤੇ ਜਾਣ। ਵਿਵਾਦਤ ਕਿਰਤ ਕਾਨੂੰਨ ਰੱਦ ਕੀਤੇ ਜਾਣ। ਫਸਲਾਂ ਦੇ ਲਈ ਐੱਮ.ਐੱਸ.ਪੀ. ਨਿਰਧਾਰਤ ਕੀਤਾ ਜਾਵੇ। ਪਰਾਲੀ ਬਿੱਲ ਤੇ





ਬਿਜਲੀ ਬਿੱਲ ਤੇ ਕਾਟਾ ਮਾਰਿਆ ਜਾਏ ਆਦਿ।

ਇਸ ਸਾਰੇ ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਜਲੰਧਰ ਦੇ ਆਗੂ ਬਲਵੰਤ ਸਿੰਘ ਮਲਸੀਹਾਂ ਅਤੇ ਮਜ਼ਦੂਰ ਕਿਸਾਨ ਸੰਘਰਸ਼ ਹਮਾਇਤ ਕਮੇਟੀ ਮੁਠੱਡਾ ਕਲਾਂ ਦੇ ਆਗੂ ਸਰਬਜੀਤ ਮਹਿਮੀ ਨੇ ਨਿਭਾਈ।

ਇਸ ਰੈਲੀ ਤੋਂ ਪਹਿਲਾਂ ਬਕਾਇਦਾ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਤੇ ਨਤੀਜੇ ਵਜੋਂ ਰੈਲੀ ਦੇ ਵਿੱਚ ਭਰਵਾਂ ਇਕੱਠ ਸੀ। ਲੋਕਾਂ ਨੇ ਆਪ ਮੁਹਾਰੇ ਰੈਲੀ ਵੱਲ ਵਹੀਰਾਂ ਘੱਤੀਆਂ ਤੇ ਸਰਕਾਰ ਨੂੰ ਇਹ ਸੰਦੇਸ਼ ਦਿੱਤਾ ਕਿ ਇਸ ਸਮੇਂ ਲੋਕ ਇਕੱਠੇ ਹਨ ਤੇ ਉਹ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਤੱਕ ਸ਼ੰਘਰਸ਼ ਕਰਦੇ ਰਹਿਣਗੇ।

**ਜਸਵੰਤ ਸਿੰਘ ਮਸਤ**

## ਸ੍ਰੀ ਭੈਣੀ ਸਾਹਿਬ ਦੀਆਂ ਸੜਕਾਂ 'ਤੇ ਸੇਵਾਦਾਰਾਂ ਨੇ ਬੂਟੇ ਲਾਏ

**17 ਮਈ 2021**

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਦੀਆਂ ਸਾਰੀਆਂ ਸੜਕਾਂ ਦੁਆਲੇ ਬੂਟੇ ਲਾਏ ਗਏ। ਇਸ ਸੇਵਾ ਨੂੰ ਸ. ਸੁਖਦੇਵ ਸਿੰਘ ਹੁਰਾਂ ਦੀ ਟੀਮ ਨੇ ਨਿਭਾਇਆ। ਜਿਸ ਵਿੱਚ ਨਿਰੰਜਨ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ, ਕਰਤਾਰ ਸਿੰਘ ਆਦਿ ਸ਼ਾਮਿਲ ਹਨ। ਸ. ਸੁਖਦੇਵ ਸਿੰਘ (ਸਾਬਕਾ ਹਾਕੀ ਖਿਡਾਰੀ) ਨੇ ਦੱਸਿਆ ਕਿ ਇਸ ਸਾਲ ਦੇ ਅੰਤ ਤੱਕ ਸ੍ਰੀ ਭੈਣੀ ਸਾਹਿਬ ਦੇ ਚੁਫੇਰੇ ਤਕਰੀਬਨ 5 ਹਜ਼ਾਰ ਬੂਟੇ, ਫੁੱਲ ਅਤੇ ਫਲਾਂ ਵਾਲੇ ਲਾ ਦਿੱਤੇ ਜਾਣਗੇ। ਹੁਣ ਇਹ ਸੇਵਾਦਾਰ ਇਨ੍ਹਾਂ ਬੂਟਿਆਂ ਨੂੰ ਪਾਲਣ ਦੀ ਸੇਵਾ ਵੀ ਕਰ ਰਹੇ ਹਨ।

**ਗੁਰਦੇਵ ਸਿੰਘ ਚੀਮਾ**

## ਲੋਕ ਕਵੀ ਮਹਿੰਦਰ ਸਾਥੀ ਨਹੀਂ ਰਹੇ

ਆਪਣੀਆਂ ਰਚਨਾਂਵਾਂ ਅੰਦਰ ਲੋਕਾਂ ਦੇ ਦਰਦਾਂ ਦੀ ਬਾਤ ਪਾਉਣ ਵਾਲੇ ਲੋਕ ਕਵੀ 'ਮਹਿੰਦਰ ਸਾਥੀ' ਦੀ **16 ਮਈ 2021** ਨੂੰ ਕਰੋਨਾ ਮਹਾਂਮਾਰੀ ਲਪੇਟ ਵਿੱਚ ਆਉਣ ਕਾਰਨ ਮੌਤ ਹੋ ਗਈ। ਉਸ ਨੇ ਆਪਣਾ ਆਖਰੀ ਸਮਾਂ ਗੁਰਦੇਵ ਹਸਪਤਾਲ ਨੂਰਪੁਰ ਬੇਦੀ 'ਚ ਬਿਤਾਇਆ। ਉਸ ਨੇ ਗਰੀਬੀ ਕਾਰਨ ਆਪਣੀ ਸਾਰੀ ਉਮਰ ਮੋਗਾ ਸ਼ਹਿਰ ਦੀ ਪੱਟੀਵਾਲੀ ਗਲੀ (ਗੋਬਿੰਦ ਨਗਰ) ਦੇ ਖਸਤਾਹਾਲ ਮਕਾਨ ਵਿੱਚ ਗੁਜ਼ਾਰੀ। ਗਰੀਬ ਹੋਣ ਦੇ ਬਾਵਜੂਦ ਇਸ ਲੋਕ ਕਵੀ ਨੇ ਸਾਰੀ ਉਮਰ ਸਰਕਾਰੀ ਸਨਮਾਨਾਂ ਦੀ ਝਾਕ ਨਹੀਂ ਰੱਖੀ, ਸਗੋਂ ਉਸ ਨੇ ਹਮੇਸ਼ਾਂ ਗਰੀਬਾਂ ਅਤੇ ਮਜ਼ੂਦਰਾਂ ਨਾਲ ਖੜ੍ਹੇ ਹੋਣ ਨੂੰ ਪਹਿਲ ਦਿੱਤੀ। ਇਸ ਦੁੱਖ ਦੀ ਘੜੀ ਵਿੱਚ 'ਅਦਾਰਾ ਸਤਿਜੁਗ' ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ ਕਿ ਉਹਨਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਅਸੀਂ ਉਹਨਾਂ ਦੀ ਇਕ ਮਸ਼ਹੂਰ ਕਵਿਤਾ ਪਾਠਕਾਂ ਦੀ ਨਜ਼ਰ ਕਰਦੇ ਹਾਂ-

### ਮਸ਼ਾਲਾਂ ਬਾਲ ਕੇ ਚੱਲਣਾ

ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਰੱਖਣਾ, ਜਦੋਂ ਤਕ ਰਾਤ ਬਾਕੀ ਹੈ।

ਪਸੀਨੇ ਦੀ ਤਾਂ ਗੱਲ ਛੱਡੋ, ਲਹੂ ਮਜ਼ਦੂਰ ਦਾ ਯਾਰੋ
ਇਹ ਸਸਤਾ ਪਾਣੀਓਂ ਰਹਿਣਾ, ਜਦੋਂ ਤਕ ਰਾਤ ਬਾਕੀ ਹੈ।

ਬਣੇਗਾ ਇਸ਼ਕ ਮੇਰਾ ਓਦੋਂ ਤਕ ਬਾਰੂਦ ਦਾ ਖਾਜਾ
ਤੇ ਤੇਰੇ ਹੁਸਨ ਨੇ ਵਿਕਣਾ, ਜਦੋਂ ਤਕ ਰਾਤ ਬਾਕੀ ਹੈ।

ਰਗੜ ਮੱਥਾ ਤੂੰ ਮੰਦਰ ਵਿੱਚ, ਜਾਂ ਮਸਜਿਦ ਵਿਚ ਤੂੰ ਕਰ ਸਿਜਦੇ
ਤੇਰੇ ਦੁੱਖਾਂ ਨਹੀਂ ਮਿਟਣਾ, ਜਦੋਂ ਤਕ ਰਾਤ ਬਾਕੀ ਹੈ।

ਹਕੀਕਤ ਤਾਂ ਹੈ ਕਿ ਮਿਰਜ਼ੇ ਗਏ ਮਾਰੇ ਨੇ ਬੰਨ੍ਹ ਬੰਨ੍ਹ ਕੇ
ਤੇ ਖ਼ਬਰੀਂ 'ਟਾਕਰਾ' ਛਪਣਾ, ਜਦੋਂ ਤਕ ਰਾਤ ਬਾਕੀ ਹੈ।

ਹਨੇਰੇ ਦੀ ਅਦਾਲਤ ਵਿਚ, ਹੈ ਕੀ ਫ਼ਰਿਆਦ ਦਾ ਫ਼ਾਇਦਾ
ਤੂੰ ਕਰ ਸੰਗਰਾਮ ਐ ਸੱਜਣਾ, ਜਦੋਂ ਤਕ ਰਾਤ ਬਾਕੀ ਹੈ।

**ਅਦਾਰਾ ਸਤਿਜੁਗ**

# Namdhari Woman Scientist Makes a Big Scientific Achivement

The concept and philosophy of Sikhism touches all aspects of human life. Guru Nanak Dev Ji and later Gurus have uplited all sections of society and motivated all to do selfless sservice. The selfless service can take many forms. It can be in the form of charity to provide food, clothing, shelter etc. Alternatively, it can be in the form of capacity building of people, so that they stand for themselves. Sikh Gurus have been patronizing arts, building cities and when needed, armies to support the cause of social welfare! Nation building is another form of service exemplified in Sikh tradition. Namdhari Sikhs are the best example of selfless nation building. In pre-independence times, Namdhari community contributed by boycotting and remaining steadfast in non-cooperation, but after independence, the same community came forward in participation towards nation building. The community made rapid strides in agriculture, animal husbandry, rehabilitation of the partition-affected people and in a short time, set new standards in adoption of science and technology and societal development, contributing in the concept of 'Welfare state for All'. A very distinct feature of Namdhari community has been the role and encouragement given to the women. Back in 1863, the British report prepared by Lieutenant Hamilton, DSP, Ferozepur, commented about Namdhari movement, saying ''A number of women were also with them, and took part in all their proceedings''. This must been a surprise for the British officer, since United Kingdom herself granted voting rights to their women after 55 years of the above report, in 1918. The participation of women was definitely a unique feature of Namdhari community, since traditions of those times did not allow women even to come outside, except for domestic activites, and that too in veil, popularly referred to as *Ghoongat* or *Parda* pratha in India.

Satguru Ram Singh Ji saved the women and practically implemented the thought of Ssatguru Nanak Dev Ji where he said, ''Why demean the womenfolk, which gives birth to the kings''. Satguru Ram Singh Ji did not only save the women from infanticide, he enabled an environment where they played an important role in their individualistic and family lives, besides contributing to freedom struggle. The British imperialistis literally feared the ''religious teaching that a Namdhari mother would grant to her son or daughter''! This is clearly evident from interesting British reports relating to Nabha state after the Jaito Morcha of 1924.

With the blessings of Satugur Ji, Namdhari women have continued their contributions after independence and excelled in various fileds like *Gurbani* and *Kirtan* recital, besides ensuring a Sikhsim-

oriented upbringing of their children. With the changing times and the progress of the historically-persecuted Namdhari community in the field of formal education, Namdhari women are excelling in other related fields also. It is a matter of great pride that Dr. Sukhdeep Kaur w/o Dr. Gurmeet Singh made news for her commendable work in the field of petrochemicals, which has implications for energy security of the country. Dr. Sukhdeep Kaur and her husband Dr. Gurmeet Singh work in Indian Oil Corporation Limited. Her achivements were covereed in national print media. She was contacted to share her thoughts on the same. Her message is presented below:

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥

***"Contemplate and reflect upon knowledge, and you will become a benefactor to others"***

***I draw my strength from this verse which helps to dwell me with the three principles given by Guru Nanak Dev ji for the essence of life: Naam japna, Vand chakko, and Kirat karo.***

***Being a scientist and belonging to a family of scientist, I feel so enlightened that Sikhism and Science go hand in hand. The plethora of knowledge and fire inside to ignite this in the form of experiments or following the "Nems" of life is a surreal experience. With this light in me, and by The Grace of Satguruji, I started the journey of "Research Scientist" at Indian Oil R&D Center in 2010. Having Polymer Chemistry as my strength, the related projects entrusted in me found their way from lab scale to scaleup and finally commercialization. In this, the first project to see the light of day after nine years of immense hard work, perseverance and dedication is DRAG REDUCING AGENT. This project involved commitment and support from all quarters of my life whether it is my family, parents, friends, cross-functional team or my management. We all worked together to deliver this so that India becomes Self-Reliant under "Make In India".***

***Drag Reducing Agents (DRAs) are specially formulated polymers that increase the ability of pipelines transporting hydrocarbons (crude oil and finished fuels) to meet the country's growing energy demand. When deployed, it assists the hydrocarbon pipeline operator in transporting more than 30 percent of the designed capacity, minimizing costs associated with installing new pipelines, which results in delays, expensive land acquisition, and a higher overall cost of setting up pumping stations.***

***At this point I would like to just add, Following the path of Sikhi, just go ahead in your life. Fulfil all your dreams and aspirations with HIS NAME always in your heart and mind.***

Once again, congratulations to Dr. Sukhdeep Kaur for her achievements. With the blessings of Satguru Ji, many more would come. We wish her more success and selfless service to the nation!

**Navjot Kaur**

......................................................

## ਅਲਵਿਦਾ ! ਪ੍ਰਿੰ: ਕਰਤਾਰ ਸਿੰਘ ਕਾਲੜਾ

**6 ਮਈ, ਲੁਧਿਆਣਾ**



ਪ੍ਰਿੰਸੀਪਲ ਕਰਤਾਰ ਸਿੰਘ ਕਾਲੜਾ ਜੀ ਨੇ ਆਪਣਾ ਬਚਪਨ ਬਹੁਤ ਸੰਘਰਸ਼ ਵਿੱਚ ਬਿਤਾਇਆ ਸੀ। ਬਹੁਤ ਗੁਰਬਤ ਕਾਰਨ ਚੌੜਾ ਬਾਜ਼ਾਰ ਲੁਧਿਆਣਾ ਵਿੱਚ ਫੱੜੀ ਲਾਉਣ ਤੋਂ ਸਫ਼ਰ ਸ਼ੁਰੂ ਕਰਕੇ ਪਹਿਲਾਂ ਕਲਰਕ, ਫਿਰ ਸਕੂਲ ਲੈਕਚਰਾਰ, ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਡਿਪਟੀ ਡੀ. ਪੀ. ਆਈ ਸਕੂਲਜ਼ ਵਜੋਂ 1993 ਈ. ਵਿਚ ਸੇਵਾ ਮੁਕਤੀ ਤੀਕ ਦਾ ਸਫ਼ਰ ਕੀਤਾ।

ਉਹ ਪ੍ਰੋ: ਕ੍ਰਿਪਾਲ ਸਿੰਘ ਕਸੇਲ ਜੀ ਦੇ ਵਿਦਿਆਰਥੀ ਹੋਣ ਨੂੰ ਸਭ ਤੋਂ ਵੱਡਾ ਗੌਰਵ ਮੰਨਦੇ ਸਨ। ਪੰਜਾਬੀ ਗ਼ਜ਼ਲ ਅਕਾਡਮੀ ਦੇ ਵੀ ਉਹ ਬਾਨੀ ਪ੍ਰਧਾਨ ਸਨ। ਸਿਰਜਣਧਾਰਾ ਦੇ ਸਰਗਰਮ ਕਾਮੇ ਪ੍ਰਿੰਸੀਪਲ ਕਰਤਾਰ ਸਿੰਘ ਕਾਲੜਾ ਜੀ ਨੇ ਸਤਾਰਾਂ ਕਾਵਿ ਸੰਗ੍ਰਹਿ, ਨੌਂ ਆਲੋਚਨਾ ਪੁਸਤਕਾਂ ਤੋਂ ਇਲਾਵਾ ਇਕ ਪੁਸਤਕ ਸ਼ਾਹਮੁਖੀ ਵਿਚ ਵੀ ਛਪਵਾਈ। ਬਾਰਾਂ ਬਾਲ ਸਾਹਿਤ ਪੁਸਤਕਾਂ ਅਤੇ ਉਨ੍ਹਾਂ ਦੀ ਸਵੈਜੀਵਨੀ 'ਪੈਰਾਂ ਦੀ ਪਰਵਾਜ਼' ਵੀ ਮਹੱਤਵਪੂਰਨ ਲਿਖਤਾਂ ਵਿੱਚ ਗਿਣੀ ਜਾਂਦੀ ਹੈ। ਉਨ੍ਹਾਂ ਅੱਧੀ ਦਰਜਨ ਦੇ ਕਰੀਬ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਸੀ। ਭਾਵੇਂ ਉਨ੍ਹਾਂ ਸਾਰੀ ਉਮਰ ਮਾਡਲ ਟਾਊਨ ਤਿਕੋਨਾ ਪਾਰਕ ਨੇੜੇ ਆਪਣੇ ਘਰ 'ਚ ਬਹੁਤੀ ਉਮਰ ਗੁਜ਼ਾਰੀ, ਪਰ ਅੱਜ ਕੱਲ੍ਹ ਉਹ ਨਾਭਾ (ਪਟਿਆਲਾ) ਵਿਖੇ ਰਹਿ ਰਹੇ ਸਨ। 'ਅਦਾਰਾ ਸਤਿਜੁਗ' ਪੰਜਾਬੀ ਲੇਖਕ ਪ੍ਰਿੰਸੀਪਲ ਕਰਤਾਰ ਸਿੰਘ ਕਾਲੜਾ ਦੇ ਸਦੀਵੀ ਵਿਛੋੜੇ 'ਤੇ ਡੂੰਘਾ ਅਫ਼ਸੋਸ ਜ਼ਾਹਿਰ ਕਰਦਾ ਹੈ।

.......................................................

## ਪ੍ਰਿੰ: ਸੁਲੱਖਣ ਮੀਤ ਜੀ ਨਹੀਂ ਰਹੇ



ਪ੍ਰਿੰਸੀਪਲ ਸੁਲੱਖਣ ਮੀਤ ਬਹੁਪੱਖੀ ਲੇਖਕ ਸਨ। ਰਣਬੀਰ ਕਾਲਜ ਸੰਗਰੂਰ ਵਿੱਚ ਲੰਮਾ ਸਮਾਂ ਉਹ ਇਤਿਹਾਸ ਦੇ ਅਧਿਆਪਕ ਰਹੇ। ਸ਼੍ਰੋਮਣੀ ਕਮੇਟੀ ਦੇ ਸਿੱਖ ਹਿਸਟਰੀ ਰੀਸਰਚ ਬੋਰਡ ਦੇ ਵੀ ਉਹ ਕੁਝ ਸਮਾਂ ਮੈਂਬਰ ਰਹੇ। ਇਸ ਤੋਂ ਇਲਾਵਾ ਉਹ ਗ਼ਜ਼ਲ ਤੇ ਮਿੰਨੀ ਕਹਾਣੀ ਲੇਖਨ ਨਾਲ ਵੀ ਜੁੜੇ ਹੋਏ ਸਨ। ਕੇਂਦਰੀ ਮੰਤਰੀ ਸ: ਧੰਨਾ ਸਿੰਘ ਗੁਲਸ਼ਨ ਦੇ ਦਾਮਾਦ ਹੋਣ ਦੇ ਬਾਵਜੂਦ ਉਨ੍ਹਾਂ ਕਦੇ ਵੀ ਆਪਣੀ ਤਰੱਕੀ ਲਈ ਵਿਚਕਾਰਲਾ ਰਾਹ ਨਹੀਂ ਸੀ ਅਪਣਾਇਆ।

ਪ੍ਰਿੰਸੀਪਲ ਸੁਲੱਖਣ ਮੀਤ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਅਦਾਰਾ ਸਤਿਜੁਗ ਇਸ ਮੌਕੇ ਡਾਢਾ ਦੁੱਖ ਵਿਅਕਤ ਕਰਦਾ ਹੈ।

.......................................................

# ਸ੍ਰੀ ਭੈਣੀ ਸਾਹਿਬ ਵਿਖੇ ਸੇਵਾਦਾਰ ਬੂਟੇ ਲਾਉਂਦੇ ਹੋਏ



Date of Publication: 6-06-2021,
Date of Posting: 7-8 Jun. 2021

RNI NO. 55658/93
LDM/008/2021-2023

# ਜੱਟੀ ਕਿਸਾਨ ਨੂੰ ਕਹਿੰਦੀ ਏ

ਉੱਠ ਕਿਸਾਨਾ ! ਸੁੱਤਿਆ, ਉੱਠ ! ਤੇ ਅੱਖੀਆਂ ਖੋਲ੍ਹ ।
ਸੁੱਤਿਆਂ ਸੁੱਤਿਆਂ ਹੀਰਿਆ, ਤੇਰਾ ਲੁੱਟਿਆ ਜਾ ਰਿਹਾ ਬੋਲ੍ਹ ।
ਡਾਕੂ ਨੀ ਲੈ ਜਾ ਰਹੇ, ਚੋਰੀ ਭਰ ਭਰ ਝੋਲ ।
ਤੇਰੇ ਲਈ ਵਣਜਾਰਿਆ, ਰੱਖ ਲਏ ਕਾਣੇ ਤੋਲ ।
ਮੈਂ ਰਾਤ ਦਿਹਾੜੀ ਰੋ ਰਹੀ, ਰੱਤ ਦੇ ਹੰਝੂ ਡੋਲ੍ਹ ।
ਅੱਜ ਦਾਣਾ ਦਾਣਾ ਉੱਡ ਗਿਆ, ਕੱਖ ਵੀ ਰਿਹਾ ਨਾ ਕੋਲ ।
ਮੈਂ ਵੇਖਾਂ ਜਦ ਪੁੱਤ ਵਿਲਕਦੇ, ਭੁਜ ਭੁਜ ਹੋਵਾਂ ਹੋਲ ।
ਮੈਂ ਮੋਤੀ ਹੀਰੇ ਕੁੱਖ ਦੇ, ਅੱਜ ਘਟੇ ਛੱਡੇ ਰੋਲ ।
ਉੱਠ ! ਉੱਠ ! ਵੇ ਜੀਵਣ ਜੋਗਿਆ ! ਹੁਣ ਵੱਜ ਪਿਆ ਈ ਢੋਲ ।
ਜੋ ਲੁੱਟਣ ਤੈਨੂੰ ਰਾਤ ਦਿਨ, ਕਰ ਨਾਲ ਉਨ੍ਹਾਂ ਦੇ ਘੋਲ ।
ਜੋ ਬਣੇ ਹੋਏ ਹਮਦਰਦ ਸਨ, ਅੱਜ ਖੁੱਲ੍ਹ ਗਿਆ ਸਭ ਦਾ ਪੋਲ ।
ਤੈਨੂੰ ਸੁੱਤਿਆ ਮਾਹੀਆ ! ਵੇਖ ਕੇ, ਤੇਰੇ ਖੀਸੇ ਰਹੇ ਨੀ ਫੋਲ ।
ਉੱਠ ਆਪਣਾ ਆਪ ਸੰਭਾਲ । ਕਿਸਾਨਾ ਭੋਲਿਆ ਵੇ-

ਮੈਂ ਛਮ ਛਮ ਰੋਵਾਂ ਬੈਠ ਕੇ, ਪਈ ਨੈਣੋਂ ਡੋਲ੍ਹਾਂ ਨੀਰ ।
ਮੈਨੂੰ ਰੋਟੀ ਜੁੜੇ ਨਾ ਰੱਜਵੀਂ, ਮੇਰੇ ਤਨ ਤੇ ਰਹੀ ਨਾ ਲੀਰ ।
ਮੇਰੇ ਗਹਿਣੇ 'ਗਹਿਣੇ ਪੈ ਗਏ', ਫੁੱਟ ਗਈ ਤਕਦੀਰ ।
ਮੇਰੇ ਹੀਰੇ ਭੁੱਖੇ ਵਿਲਕਦੇ, ਪਰ ਵੈਰੀ ਖਾਂਦੇ ਖੀਰ ।
ਮੈਨੂੰ ਬੁਚੀ ਕਰ ਗਏ 'ਮਾਮਲੇ' ਪਰ ਮੌਜਾਂ ਲੈਣ ਵਜੀਰ ।
ਵਿੱਚ ਜੋਬਨ ਦੇ ਹੀ ਕੁੜ ਗਿਆ, ਮੇਰਾ ਸਰੂ ਸਰੀਰ ।
ਉੱਠ ਜਾਗ ਵੇ ਮਾਹੀਆ ਰਾਂਝਣਾ, ਤੈਨੂੰ ਪਈ ਜਗਾਵੇ ਹੀਰ ।
ਮਨ ਆਈਆਂ 'ਖੇੜੇ' ਕਰ ਰਹੇ, ਮੈਨੂੰ ਲਗਦੇ ਪਏ ਨੀ 'ਤੀਰ' ।
ਉੱਠ ਆਪਣੀ ਹੀਰ ਸੰਭਾਲ, ਕਿਸਾਨਾ ਰਾਂਝਿਆ ਵੇ ।

– ਵਿਧਾਤਾ ਸਿੰਘ ਤੀਰ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.